**ਅੰਮ੍ਰਿਤਸਰ, 20 ਮਈ (ਆਵਾਜ਼ਿ ਕੌਮ ਬਿਊਰੋ)**-ਬੀਤੇ ਕੱਲ੍ਹ ਭਾਰਤੀ ਫ਼ੌਜ ਦੇ ਲੈਫ਼ਟੀਨੈਂਟ ਜਨਰਲ ਸੁਮੇਰ ਇਵਾਨ ਵੱਲੋਂ ਇੱਕ ਚੈਨਲ ਨਾਲ ਇੰਟਰਵੀਊ ਦੌਰਾਨ ਹਾਲੀਆ ਭਾਰਤ ਪਾਕਿਸਤਾਨ ਤਣਾਅ ਵਿਚਕਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਫੌਜ ਦੀਆਂ ਹਵਾਈ ਸੁਰੱਖਿਆ ਗੰਨਾਂ ਲਗਾਉਣ ਸਬੰਧੀ ਕੀਤੇ ਗਏ ਦਾਅਵੇ ਨੂੰ ਮੂਲੋਂ ਰੱਦ ਕਰਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਐਡੀਸ਼ਨਲ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਇਸ ਨੂੰ ਹੈਰਾਨੀਜਨਕ ਕਰਾਰ ਦਿੱਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਬੀਤੇ ਦਿਨੀਂ ਅੰਮ੍ਰਿਤਸਰ ਜਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਹਿਰ ਵਿੱਚ ਬਲੈਕਆਊਟ ਸਬੰਧੀ ਕੀਤੀਆਂ ਗਈਆਂ ਹਦਾਇਤਾਂ ਦੇ ਮੱਦੇਨਜ਼ਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਵੱਲੋਂ ਸਹਿਯੋਗ ਕੀਤਾ ਗਿਆ, ਇਸ ਦੌਰਾਨ ਸ੍ਰੀ ਦਰਬਾਰ ਸਾਹਿਬ ਸਮੂਹ ਦੀਆਂ ਬਾਹਰਲੀਆਂ ਤੇ ਉੱਪਰਲੀਆਂ ਲਾਈਟਾਂ ਤੈਅ ਸਮੇਂ ਸੀਮਾ ਅਨੁਸਾਰ ਬੰਦ ਕੀਤੀਆਂ ਗਈਆਂ ਪ੍ਰੰਤੂ ਜਿੱਥੇ-ਜਿੱਥੇ ਗੁਰੂ ਦਰਬਾਰ ਦੀ ਮਰਿਆਦਾ ਚਲਦੀ ਹੈ ਉਨ੍ਹਾਂ ਥਾਵਾਂ ਉੱਤੇ ਲਾਈਟਾਂ ਚੱਲਦੀਆਂ ਰੱਖ ਕੇ ਪੂਰੀ ਜਿੰਮੇਵਾਰੀ ਨਾਲ ਮਰਿਆਦਾ ਨਿਭਾਈ ਗਈ ਹੈ। ਗਿਆਨੀ ਅਮਰਜੀਤ ਸਿੰਘ ਨੇ ਕਿਹਾ ਕਿ ਭਾਰਤੀ ਫੌਜ ਦੇ ਲੈਫਟੀਨੈਂਟ ਜਨਰਲ ਵੱਲੋਂ ਇਹ ਦਾਅਵਾ ਕਰਨਾ ਕਿ ਆਪਰੇਸ਼ਨ ਸਿੰਧੂਰ ਦੌਰਾਨ ਹੈਡ ਗ੍ਰੰਥੀ ਵੱਲੋਂ ਫੌਜ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀਆਂ ਹਵਾਈ ਸੁਰੱਖਿਆ ਗੰਨਾਂ ਲਗਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ, ਇਹ ਮੂਲੋਂ ਗਲਤ ਹੈ ਕਿਉਂਕਿ ਅਜਿਹੀ ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ ਅਤੇ ਨਾ ਹੀ ਕੋਈ ਗੰਨਾਂ ਲਗਾਉਣ ਜਿਹਾ ਘਟਨਾਕ੍ਰਮ ਇਸ ਪਾਵਨ ਅਸਥਾਨ ਉੱਤੇ ਪ੍ਰਵਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸਮੂਹ, ਲੰਗਰ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਅਖੰਡ ਪਾਠ ਸਾਹਿਬਾਨ ਵਾਲੇ ਅਸਥਾਨ ਅਤੇ ਹੋਰ ਸਬੰਧਤ ਗੁਰ ਅਸਥਾਨਾਂ ਦੀ ਰੋਜ਼ਾਨਾ ਚੱਲਣ ਵਾਲੀ ਮਰਿਆਦਾ ਲਾਜ਼ਮੀ ਹੁੰਦੀ ਹੈ ਜਿਸ ਵਿੱਚ ਕਿਸੇ ਕਿਸਮ ਦਾ ਵਿਘਨ ਪਾਉਣ ਦਾ ਅਧਿਕਾਰ ਕਿਸੇ ਨੂੰ ਨਹੀਂ ਹੈ ਅਤੇ ਬੀਤੇ ਦਿਨੀਂ ਬਣੇ ਹਾਲਾਤ ਦੇ ਚੱਲਦਿਆਂ ਵੀ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਗੁਰੂ ਦਰਬਾਰ ਦੀ ਸਮੁੱਚੀ ਮਰਿਆਦਾ ਪੂਰਨ ਸਮਰਪਣ ਭਾਵ ਅਤੇ ਦ੍ਰਿੜ੍ਹਤਾ ਨਾਲ ਜਾਰੀ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਬਲੈਕਆਊਟ ਦੇ ਸਮੇਂ ਕਿਸੇ ਵੀ ਗੁਰ ਅਸਥਾਨ ਜਿੱਥੇ ਮਰਿਆਦਾ ਚੱਲਦੀ ਹੋਵੇ ਉਸ ਦੀਆਂ ਲਾਈਟਾਂ ਬੰਦ ਨਹੀਂ ਕੀਤੀਆਂ ਗਈਆਂ। ਸਿੰਘ ਸਾਹਿਬ ਨੇ ਕਿਹਾ ਕਿ ਭਾਰਤੀ ਫ਼ੌਜ ਦੇ ਅਧਿਕਾਰੀ ਨੇ ਅਜਿਹਾ ਬਿਆਨ ਕਿਉਂ ਦਿੱਤਾ ਇਸ ਬਾਰੇ ਤਾਂ ਉਹ ਹੀ ਸਪੱਸ਼ਟ ਕਰ ਸਕਦੇ ਹਨ ਪਰੰਤੂ ਅਜਿਹੀ ਗੱਲ ਕਹੀ ਜਾਣੀ ਬਹੁਤ ਗ਼ਲਤ ਤੇ ਹੈਰਾਨੀਜਨਕ ਹੈ। ਉਨ੍ਹਾਂ ਕਿਹਾ ਕਿ ਬਤੌਰ ਐਡੀਸ਼ਨਲ ਮੁੱਖ ਗ੍ਰੰਥੀ ਉਹ ਇਹ ਗੱਲ ਦਾਅਵੇ ਨਾਲ ਕਹਿ ਰਹੇ ਹਨ ਕਿ ਗੰਨਾਂ ਲਗਾਉਣ ਸਬੰਧੀ ਕੋਈ ਪ੍ਰਵਾਨਗੀ ਫ਼ੌਜ ਨੂੰ ਨਹੀਂ ਦਿੱਤੀ ਗਈ। ਫ਼ੌਜ ਦੇ ਅਧਿਕਾਰੀ ਵੱਲੋਂ ਇਸ ਬਿਆਨ ਦੇ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਉਨ੍ਹਾਂ ਨਾਲ ਬਲੈਕਆਊਟ ਦੇ ਸਮੇਂ ਲਾਈਟਾਂ ਬੰਦ ਕਰਵਾਉਣ ਸਬੰਧੀ ਸੰਪਰਕ ਕੀਤਾ ਗਿਆ ਸੀ, ਜਿਸ ਸਬੰਧੀ ਪ੍ਰਬੰਧਕੀ ਤੌਰ ਉੱਤੇ ਜ਼ਿੰਮੇਵਾਰੀ ਸਮਝਦਿਆਂ ਅਸੀਂ ਪੂਰਨ ਸਹਿਯੋਗ ਕੀਤਾ ਸੀ। ਉਨ੍ਹਾਂ ਕਿਹਾ ਕਿ ਭਾਰਤੀ ਫ਼ੌਜ ਦੇ ਅਧਿਕਾਰੀਆਂ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਵਾਈ ਸੁਰੱਖਿਆ ਗੰਨਾਂ ਲਗਾਉਣ ਸਬੰਧੀ ਕਿਸੇ ਕਿਸਮ ਦਾ ਸੰਪਰਕ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਹਦਾਇਤਾਂ ਦਾ ਪਾਲਣ ਕਰਨ ਲਈ ਐਡੀਸ਼ਨਲ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨਾਲ ਸਲਾਹ ਕਰਕੇ ਬਾਹਰੀ ਲਾਈਟਾਂ ਹੀ ਬੰਦ ਕਰਵਾਈਆਂ ਗਈਆਂ ਸਨ। ਐਡਵੋਕੇਟ ਧਾਮੀ ਨੇ ਕਿਹਾ ਕਿ ਬਲੈਕਆਊਟ ਦੌਰਾਨ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਣ ਤੇ ਸੇਵਾ ਕਰਨ ਪੁੱਜਦੀ ਰਹੀ ਹੈ ਅਤੇ ਜੇਕਰ ਗੰਨਾਂ ਲਗਾਉਣ ਜਿਹੀ ਕੋਈ ਘਟਨਾ ਵਾਪਰੀ ਹੁੰਦੀ ਤਾਂ ਸੰਗਤ ਨੇ ਵੀ ਇਸ ਨੂੰ ਜ਼ਰੂਰ ਦੇਖਿਆ ਅਤੇ ਨੋਟਿਸ ਕੀਤਾ ਹੁੰਦਾ। ਉਨ੍ਹਾਂ ਕਿਹਾ ਕਿ ਫੌਜ ਦੇ ਇੱਕ ਅਧਿਕਾਰੀ ਵੱਲੋਂ ਅਜਿਹੀ ਗੱਲ ਨੂੰ ਅੱਗੇ ਵਧਾਉਣਾ ਹੈਰਾਨੀਜਨਕ ਹੈ। ਉਨ੍ਹਾਂ ਕਿਹਾ ਭਾਰਤ ਸਰਕਾਰ ਨੂੰ ਇਹ ਗੱਲ ਸਪੱਸ਼ਟ ਕਰਨੀ ਚਾਹੀਦੀ ਹੈ ਕਿ ਅਜਿਹੇ ਬਿਆਨ ਫੌਜ ਦੇ ਅਧਿਕਾਰੀਆਂ ਵੱਲੋਂ ਕਿਉਂ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਬਣੇ ਤਣਾਅਪੂਰਨ ਹਾਲਾਤ ਵਿੱਚ ਦੇਸ਼ ਅਤੇ ਫੌਜ ਵੱਲੋਂ ਨਿਭਾਈ ਭੂਮਿਕਾ ਸ਼ਲਾਘਾਯੋਗ ਹੈ ਪਰੰਤੂ ਸਿੱਖਾਂ ਦੇ ਕੇਂਦਰੀ ਧਾਰਮਿਕ ਅਸਥਾਨ ਬਾਰੇ ਕਈ ਦਿਨਾਂ ਬਾਅਦ ਅਜਿਹੀ ਗਲਤ ਗੱਲ ਫੈਲਾਉਣੀ ਹੈਰਾਨੀਜਨਕ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੋਣ ਵਜੋਂ ਐਡਵੋਕੇਟ ਧਾਮੀ ਨੇ ਸਪੱਸ਼ਟ ਕੀਤਾ ਕਿ ਗੰਨਾਂ ਲਗਾਉਣ ਜਿਹੀ ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਵੀ ਸਪੱਸ਼ਟ ਕੀਤਾ ਕਿ ਭਾਵੇਂ ਕਿ ਜਦੋਂ ਬੀਤੇ ਦਿਨੀਂ ਫ਼ੌਜ ਦੀ ਕਾਰਵਾਈ ਚੱਲ ਰਹੀ ਸੀ, ਉਹ ਉਸ ਸਮੇਂ ਵਿਦੇਸ਼ ਦੌਰੇ ਉੱਤੇ ਸਨ, ਪਰੰਤੂ ਇਸ ਦੌਰਾਨ ਉਨ੍ਹਾਂ ਨਾਲ ਗੰਨਾਂ ਲਗਾਉਣ ਸਬੰਧੀ ਕੋਈ ਗੱਲਬਾਤ ਨਹੀਂ ਹੋਈ ਅਤੇ ਨਾ ਹੀ ਅਜਿਹੀ ਕੋਈ ਗੱਲ ਸ੍ਰੀ ਦਰਬਾਰ ਸਾਹਿਬ ਵਿਖੇ ਵਾਪਰੀ ਹੈ। ਗਿਆਨੀ ਰਘਬੀਰ ਸਿੰਘ ਨੇ ਫੌਜ ਦੇ ਅਧਿਕਾਰੀ ਵੱਲੋਂ ਬਿਆਨਬਾਜ਼ੀ ਨੂੰ ਹੈਰਾਨੀਜਨਕ ਦੱਸਿਆ।





**ਐਡਵੋਕੇਟ ਧਾਮੀ ਨੇ ਵੀ ਕਿਹਾ, ਪ੍ਰਬੰਧਕੀ ਤੌਰ 'ਤੇ ਅਜਿਹੀ ਕੋਈ ਪ੍ਰਵਾਨਗੀ ਨਹੀਂ ਦਿੱਤੀ, ਨਾ ਹੀ ਅਜਿਹਾ ਕੁਝ ਵਾਪਰਿਆ**

ਆਵਾਜ਼ਿ ਕੌਮ AWAZE QAUM International Newspaper & WEB TV

### ਜੈਨੇਸਿਸ ਡੈਂਟਲ ਕਾਲਜ ਵੱਲੋਂ ਤਲਵੰਡੀ ਦੇ ਸਰਕਾਰੀ ਸਕੂਲ ਵਿੱਚ

# ਡੈਂਟਲ ਚੈਕਅਪ ਕੈਂਪ, 400 ਤੋਂ ਵੱਧ ਵਿਦਿਆਰਥਣਾਂ ਦੀ ਜਾਂਚ




**ਫ਼ਿਰੋਜ਼ਪੁਰ, 20 ਮਈ (ਮਨੋਹਰ ਲਾਲ) :—** ਜੈਨੇਸਿਸ ਡੈਂਟਲ ਕਾਲਜ ਵੱਲੋਂ ਸਮਾਜ ਸੇਵਾ ਦੇ ਉਦੇਸ਼ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਤਲਵੰਡੀ ਵਿਚ ਇਕ ਵਿਸ਼ੇਸ਼ ਡੈਂਟਲ ਚੈਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ 400 ਤੋਂ ਵੱਧ ਵਿਦਿਆਰਥਣਾਂ ਦੀ ਡਾਯ ਅਰੁਣ ਭੰਡਾਰੀ, ਡਾ: ਰਾਹੁਲ ਯਾਦਵ, ਡਾ: ਸੁਪਰੀਆ ਅਤੇ ਡਾ: ਸਵੀ ਵੱਲੋਂ ਮੁਫ਼ਤ ਦੰਦਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਨਰਿੰਦਰ ਪਾਲ ਸਿੰਘ ਅਤੇ ਦਲਜੀਤ ਕੌਰ ਖਾਸ ਤੌਰ ਤੇ ਮੌਜੂਦ ਰਹੇ। ਉਨ੍ਹਾਂ ਕਾਲਜ ਦੇ ਉਪਰਾਲੇ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਗਤਿਵਿਧੀਆਂ ਵਿਦਿਆਰਥੀਆਂ ਵਿਚ ਸਿਹਤ ਪ੍ਰਤੀ ਜਾਗਰੂਕਤਾ ਵਧਾਉਂਦੀਆਂ ਹਨ। ਕੈਂਪ ਦੇ ਅਖੀਰ ਵਿਚ ਕਾਲਜ ਦੇ ਪੀ.ਆਰ.ਓ ਰਣਜੀਤ ਸਿੰਘ ਅਤੇ ਮਨਜੀਤ ਢਾਲੀਵਾਲ ਨੇ ਸਾਰੇ ਵਿਦਿਆਰਥੀਆਂ ਨੂੰ ਮੁਫ਼ਤ ਟੂਥਬ੍ਰਸ਼ ਅਤੇ ਟੂਥਪੇਸਟ ਵੰਡੇ ਤਾਂ ਜੋ ਉਹ ਆਪਣੇ ਦੰਦਾਂ ਦੀ ਠੀਕ ਤਰੀਕੇ ਨਾਲ ਦੇਖਭਾਲ ਕਰ ਸਕਣ।

ਆਵਾਜ਼ਿ ਕੌਮ AWAZE QAUM International Newspaper & WEB TV

# ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਸਰਕਾਰ ਦੇਵੇਗੀ ਸਹਾਇਤਾ-ਮੁੱਖ ਖੇਤੀਬਾੜੀ ਅਫ਼ਸਰ



**ਜੰਡਿਆਲਾ ਗੁਰੂ 20 ਮਈ ( ਕੁਲਵੰਤ ਸਿੰਘ ਵਿਰਦੀ )**-ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਬਲਾਕ ਵੇਰਕਾ ਦੇ ਵੱਖ-ਵੱਖ ਪਿੰਡਾਂ ਦੇ ਵਿਚ ਝੋਨੇ ਦੀ ਸਿੱਧੀ ਬਿਜਾਈ ਕਰਵਾਈ ਗਈ। ਇਹ ਬਿਜਾਈ ਡਾ. ਬਲਜਿੰਦਰ ਸਿੰਘ ਭੁੱਲਰ ਮੁੱਖ ਖੇਤੀਬਾੜੀ ਅਫ਼ਸਰ ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ ਅਤੇ ਡਾ. ਹਰਪ੍ਰੀਤ ਸਿੰਘ ਖੇਤੀਬਾੜੀ ਅਫ਼ਸਰ, ਵੇਰਕਾ ਦੀ ਅਗਵਾਈ ਹੇਠ ਕਰਵਾਈ ਗਈ। ਇਸ ਮੌਕੇ ਮਨਦੀਪ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ , ਸਰਕਲ ਮੂਧਲ ਨੇ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਸਮੇਂ ਦੀ ਲੋੜ ਹੈ। ਜ਼ਮੀਨ ਹੇਠਲੇ ਪਾਣੀ ਦੇ ਡਿਗਦੇ ਪੱਧਰ ਨੂੰ ਵੇਖਦੇ ਹੋਏ ਕਿਸਾਨ ਵੀਰਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਅਪਣਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ 20-25 ਫੀਸਦੀ ਮਜ਼ਦੂਰੀ ਅਤੇ 15-20 ਫ਼ੀਸਦ ਪਾਣੀ ਦੀ ਬੱਚਤ ਹੁੰਦੀ ਹੈ। ਉਹਨਾਂ ਅੱਗੇ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਕਿਸਾਨਾਂ ਨੂੰ ਝੋਨੇ ਦੀ ਨਾੜ ਨੂੰ ਸਾਂਭਣ ਲਈ ਇੱਕ ਹਫਤੇ ਦਾ ਵੱਧ ਸਮਾ ਮਿਲ ਜਾਦਾ ਹੈ। ਝੋਨੇ ਦੀ ਬਿਜਾਈ ਇਸ ਢੰਗ ਨਾਲ ਕਰਨ ਨਾਲ ਬਿਮਾਰੀਆ ਦਾ ਹਮਲਾ ਵੀ ਘੱਟ ਹੁੰਦਾ ਹੈ। ਹਾੜੀ ਦੇ ਸੀਜਨ ਵਿੱਚ ਕਣਕ ਦਾ ਝਾੜ ਵੀ ਝੋਨੇ ਦੀ ਸਿੱਧੀ ਬਿਜਾਈ ਵਾਲੇ ਖੇਤਾਂ ਵਿੱਚ ਲਗਪਗ ਇੱਕ ਕੁਇੰਟਲ ਵੱਧ ਨਿਕਲਦਾ ਹੈ।

ਮੁੱਖ ਖੇਤੀਬਾੜੀ ਅਫਸਰ ਡਾ. ਬਲਜਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਅਪਣਾਉਣ ਵਾਲੇ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ 1500 ਰੁਪਏ ਪ੍ਰਤੀ ਏਕੜ ਦੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ ਤੇ ਇਹ ਸਹਾਇਤਾ ਪ੍ਰਾਪਤ ਕਰਨ ਲਈ ਕਿਸਾਨ ਪੋਰਟਲ ਤੇ ਜਾ ਕੇ ਆਪਣੇ ਆਪ ਨੂੰ ਰਜਿਸਟਰ ਕਰਨ । ਇਸ ਮੌਕੇ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨ ਜਸਤਿੰਦਰ ਸਿੰਘ ਬੱਲ ਖੁਰਦ, ਗੁਰਸੰਗਮ ਸਿੰਘ, ਮਲੂਕ ਸਿੰਘ ਅਤੇ ਕਾਬਲ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਰੱਬ ਦਾ ਜਲ ਰੱਬ ਦੀ ਧਰਤੀ, ਤੁਸੀਂ ਕੌਣ ਜਮਦੂਤ ਬੰਦੇ ਉਹਦੇ ਤਿਹਾਏ ਮਾਰੋ ਬਨ ਜਮਦੂਤ—ਪੀ.ਸੀ ਕੁਮਾਰ



**ਫ਼ਿਰੋਜ਼ਪੁਰ, 20 ਮਈ (ਮਨੋਹਰ ਲਾਲ) :—** ਰੱਬ ਦਾ ਜਲ ਰੱਬ ਦੀ ਧਰਤੀ, ਤੁਸੀਂ ਕੌਣ ਜਮਦੂਤ ਬੰਦੇ ਉਹਦੇ ਤਿਹਾਏ ਮਾਰੋ ਬਨ ਜਮਦੂਤ। ਇਹ ਵਿਚਾਰ ਸਾਂਝੇ ਕਰਦਿਆਂ ਪੀ.ਸੀ ਕੁਮਾਰ ਨੇ ਕਿਹਾ ਕਿ ਸਾਨੂੰ ਸਮਝਾ ਰਹੇ ਰਿਸ਼ੀ ਮੁਨੀ ਪੀਰ ਪੰਗੈਬਰ, ਦੇਵੀ ਦੇਵਤ, ਗੁਰੂ ਚੰਗੀ ਸੋਚ ਵਾਲੇ ਇਨਸਾਨ ਕਰ—ਕਰ ਥਕ ਗਏ, ਪਰ ਇਨਸਾਨ, ਹਵਾਨ ਬਨ ਹੋਰ ਤਾਂ ਹੋਰ ਅੱਜ ਅਕਾਸ਼, ਪਤਾਲ ਵਿਚ ਜ਼ੋ 84 ਲੱਖ ਜੂਨਾ ਜ਼ੋ ਜਿਉਣ ਲਈ ਕੁਦਰਤ ਦੀਆਂ ਵੱਡਮੁਲੀਆਂ ਦਾਤਾਂ ਸਵੱਛ ਮੁਫਤ, ਮਿਲਾਵਟ ਰਹਿਤ ਖਾਹ ਹੱਡਾ ਰਹੇ ਇਨਸਾਨਾਂ ਨੂੰ ਵੀ ਮਿਲ ਰਹੀਆਂ ਸਨ, ਅੱਜ ਇਨਸਾਨ ਦਾ ਇਨਸਾਨ ਦੁਸ਼ਮਣ ਬਣ ਜ਼ੋ ਪਤਾਲ, ਅਕਾਸ਼ ਹਵਾ ਤੇ ਪਾਣੀ ਵਿਚ ਜ਼ਿਹਰ ਭਰ ਜਿੰਦਗੀ ਜਿਉਣ ਇਕ—ਦੂਜੇ ਨੂੰ ਮਿਲਣ ਤੇ ਮਿਲਾਉਣ ਲਈ ਸੜਕੀ, ਅਸਮਾਨੀ, ਸਮੁੰਦਰੀ ਆਦਿ ਸਾਧਨ ਏ.ਸੀ, ਹੈਣ ਹੋਣ ਵਾਲੇ ਇਕ ਦੂਜੇ ਲਈ ਹਜ਼ਾਰਾਂ ਲੱਖਾਂ, ਕੋਹਾਂ ਵੱਲ—ਵੱਲ ਜਾਣ ਉਹ ਵੀਖ ਤਰੇ ਤੋਂ ਖਾਲੀ ਨਹੀਂ। ਇਹ ਸੰਕੇਤ ਦੇ ਰਹੇ ਹਨ ਅਬਲੂ ਕੱਲ ਭਾਵ ਸਭ ਤੋਂ ਉਤਮਾਂ ਵਿਚੋਂ ਉਤਮ ਇਨਸਾ ਨਜਾ ਗਿਰਿਆ ਵਿਚੋਂ ਗਿਰਿਆ 84 ਲੱਖ ਜਨਾਂ ਵਿਚੋਂ ਬਨ ਹਵਾਨਿਅਤ ਦਾ ਸੰਦੇਸ਼ਾਂ ਭਾਵ ਕੋਹੜ, ਨਫਰਤ, ਈਰਖਾ ਰਾਗ ਦੇ ਵਸ ਜ਼ੋ ਪਹਿਲਾਂ ਦਿਲਾਂ ਵਿਚ ਅੱਜ ਕੁਦਰਤ ਦੇ ਹਰ ਦਾਇਰੇ ਵਿਚ ਫਿਲਾ ਖੁਦ ਪਹਿਲਾਂ ਮਰ ਹੁਣ ਦੂਜਿਆਂ ਨੂੰ ਮਾਰਣ ਵੱਲ ਅੱਗੇ ਵੱਧ ਕੁਦਰਤ ਨਾਲ ਛੇੜਛਾੜ ਬਨਸਪਤੀ ਦੀ ਕਾਂਟ ਡਾਂਟ ਕਰ ਮੌਤ ਨੂੰ ਵਾਜਾਂ ਮਾਰ ਵਿਨਾਸ਼ ਦਾ ਕਾਰਨ ਬਨ ਪਹਿਲੀ ਤੇ ਦੂਜੀ ਵਿਸ਼ਵ ਵਾਰ ਭੁੱਲ ਤੀਜੀ ਜ਼ੋ ਫਨਾਹ ਗੀਰਹ ਬਚ ਸਕੇ।

ਆਵਾਜ਼ਿ ਕੌਮ AWAZE QAUM International Newspaper & WEB TV

## ਪੰਜ ਮੈਂਬਰੀ ਭਰਤੀ ਕਮੇਟੀ ਮੈਂਬਰਾਂ ਨੇ

# ਹੁਸ਼ਿਆਰਪੁਰ ਮੀਟਿੰਗ ਵਿੱਚ ਹਰ ਖੇਤਰ ਤੋਂ ਕੀਤੀ ਲਾਮਬੰਦੀ ਦੀ ਅਪੀਲ








**ਹੁਸ਼ਿਆਰਪੁਰ/ ਚੰਡੀਗੜ੍ਹ, 20 ਮਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਭਰਤੀ ਕਮੇਟੀ ਵੱਲੋਂ ਜਾਰੀ ਭਰਤੀ ਮੁਹਿੰਮ ਦਾ ਵਧ ਰਿਹਾ ਕਾਫ਼ਲਾ ਅੱਜ ਬੱਬਰ ਅਕਾਲੀ ਲਹਿਰ ਦੀ ਜਨਮ ਭੂਮੀ ਜ਼ਿਲਾ ਹੁਸ਼ਿਆਰਪੁਰ ਪਹੁੰਚਿਆ। ਮਾਲਵਾ ਤੋਂ ਉੱਠੀ ਪੰਥਕ ਅਤੇ ਅਕਾਲੀ ਸੋਚ ਨੂੰ ਜਾਗਰੂਕ ਕਰਦੀ ਕ੍ਰਾਂਤੀ ਦੀ ਲਹਿਰ ਵਿੱਚ ਦੁਆਬਾ ਦੀ ਧਰਤੀ ਵੀ ਰੰਗੀ ਨਜ਼ਰ ਆਈ। ਭਰਤੀ ਮੁਹਿੰਮ ਦੀ ਲਾਮਬੰਦੀ ਲਈ ਰੱਖੀ ਮੀਟਿੰਗ ਵੱਡੀ ਸਿਆਸੀ ਕਾਨਫਰੰਸ ਦੇ ਰੂਪ ਬੇਹੱਦ ਕਾਮਯਾਬ ਹੋ ਨਿੱਬੜੀ।

> ☛ ਪੁਨਰ ਸੁਰਜੀਤੀ ਦੇ ਆਖਰੀ ਪੜਾਅ ਵੱਲ ਵਧ ਰਹੀ ਮੁਹਿੰਮ ਜ਼ਿੰਮੇਵਾਰ ਲੀਡਰਸ਼ਿਪ ਦੇਣ ਲਈ ਵਚਨਬੱਧ ☛ ਹੁਕਮਨਾਮਾ ਸਾਹਿਬ ਦੀ ਇੰਨ ਬਿੰਨ ਹੋਵੇਗੀ ਪੂਰਤੀ- ਇਯਾਲੀ

ਇਸ ਮੌਕੇ ਖਾਸ ਤੌਰ ਤੇ ਪਹੁੰਚੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਗੁਰੂ ਘਰਾਂ ਦੀ ਰਾਖੀ ਅਤੇ ਵਾੜ ਦੇ ਰੂਪ ਵਿੱਚ ਹੋਈ, ਪਰ ਅੱਜ ਕੌਮ ਅਤੇ ਪੰਥ ਦੀ ਨੁਮਾਇੰਦਾ ਸਿਆਸੀ ਜਮਾਤ ਆਪਣੇ ਅਸਲੀ ਕਾਰਜ ਤੋ ਪਾਸੇ ਹਟ ਕੇ ਨਿੱਜ ਪ੍ਰਸਤ ਵੱਲ ਵਧ ਚੁੱਕੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਇਸ ਵਰਤਾਰੇ ਲਈ ਕੁਝ ਲੋਕਾਂ ਨੂੰ ਜ਼ਿੰਮੇਵਾਰ ਕਰਾਰ ਦਿੰਦੇ ਕਿਹਾ ਕਿ ਓਹਨਾ ਲੋਕਾਂ ਵਲੋ ਆਪਣੇ ਮੁਫਾਦਾਂ ਲਈ ਕੀਤੇ ਫ਼ੈਸਲਿਆਂ ਦੀ ਭਰਪਾਈ ਦਾ ਨੁਕਸਾਨ ਅੱਜ ਪੂਰਾ ਪੰਥ ਅਤੇ ਕੌਮ ਭੁਗਤ ਰਹੀ ਹੈ।



ਇਸ ਮੌਕੇ ਠਾਠਾਂ ਮਾਰਦੇ ਵਰਕਰ ਦੇ ਇਕੱਠ ਨੂੰ ਸੰਬੋਧਨ ਹੁੰਦੇ ਹੋਏ ਸਰਦਾਰ ਮਨਪ੍ਰੀਤ ਸਿੰਘ ਇਯਾਲੀ ਨੇ ਬੀਤੇ ਦਿਨ ਵਿਦੇਸ਼ੀ ਧਰਤੀ ਤੇ ਬੈਠੇ ਪੰਜਾਬੀਆਂ ਲਈ ਸ਼ੁਰੂ ਕੀਤੀ ਆਨ ਲਾਈਨ ਭਰਤੀ ਨੂੰ ਮਿਲੇ ਭਰਪੂਰ ਹੁੰਗਾਰੇ ਦੀ ਗੱਲ ਕਰਦਿਆਂ ਕਿਹਾ ਕਿ,ਦੁਨੀਆਂ ਦੇ ਹਰ ਖੇਤਰ ਵਿੱਚ ਬੈਠਾ ਪੰਜਾਬੀ ਮਨ ਬਣਾ ਚੁੱਕਾ ਹੈ ਕਿ, ਆਪਣੀ ਸਿਆਸੀ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕੀਤੇ ਬਗੈਰ ਮਸਲੇ ਹੱਲ ਨਹੀਂ ਹੋਣ ਵਾਲੇ, ਇਸ ਕਰਕੇ ਅੱਜ ਹਰ ਪੰਜਾਬੀ ਦੀ ਅਵਾਜ ਹੈ ਕਿ ਆਪਣੀ ਮਾਂ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇ। ਸਰਦਾਰ ਇਯਾਲੀ ਨੇ ਮੁੜ ਦੁਹਰਾਇਆ ਕਿ, ਦੋ ਦਸੰਬਰ ਨੂੰ ਜਾਰੀ ਹੁਕਮਨਾਮਾ ਸਾਹਿਬ ਦੀ ਭਾਵਨਾ ਦੀ ਇੰਨ ਬਿੰਨ ਪਾਲਣਾ ਕਰਦੇ ਹੋਏ, ਪੂਰੀ ਦ੍ਰਿੜਤਾ ਨਾਲ ਪੰਥ ਅਤੇ ਪੰਜਾਬ ਪ੍ਰਵਾਣਿਤ ਲੀਡਰਸ਼ਿਪ ਦਿੱਤੀ ਜਾਵੇਗੀ।ਸਰਦਾਰ ਇਯਾਲੀ ਨੇ ਸਪੱਸ਼ਟ ਕੀਤਾ ਕਿ ਪੁਨਰ ਸੁਰਜੀਤੀ ਦਾ ਪੂਰਾ ਕਾਰਜ ਹੁਕਮਨਾਮਾ ਸਾਹਿਬ ਦੀ ਭਾਵਨਾ ਹੇਠ ਹੋਵੇਗਾ, ਇੱਕ ਕਦਮ ਹੁਕਮਨਾਮਾ ਸਾਹਿਬ ਤੋਂ ਬਾਹਰ ਜਾਕੇ ਕੋਈ ਵੀ ਕਾਰਜ ਜਾਂ ਨਿਯੁਕਤੀ ਨਹੀਂ ਹੋਵੇਗੀ।ਹੁਕਮਨਾਮਾ ਸਾਹਿਬ ਦੀਆਂ ਭਾਵਨਾਵਾਂ ਦੀਆਂ ਪਹਿਲੀਆਂ ਸਤਰਾਂ ਮੁਤਾਬਿਕ ਬਿਲਕੁਲ ਸਹੀ ਅਤੇ ਬਣਨ ਵਾਲੇ ਮੈਂਬਰ ਨੂੰ ਤਸਦੀਕ ਕਰਦਾ ਪਰੂਫ਼ ਲਗਾਕੇ ਮੈਂਬਰਸ਼ਿਪ ਭਰੀ ਜਾ ਰਹੀ ਹੈ,18 ਜੂਨ ਤੱਕ ਭਰਤੀ ਨੂੰ ਪੂਰਾ ਕੀਤਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ 2022 ਦੀ ਸ਼ਰਮਨਾਕ ਹਾਰ ਤੋਂ ਬਾਅਦ ਲੀਡਰਸ਼ਿਪ ਨੇ ਪਾਰਟੀ ਵਿੱਚ ਲੋਕਤੰਤਰਿਕ ਕਦਰਾਂ ਕੀਮਤਾਂ ਦੀ ਬਹਾਲੀ ਦੀ ਮੰਗ ਚੁੱਕੀ। ਇਸ ਅਵਾਜ ਨੂੰ ਸੁਣਨ ਅਤੇ ਇਸ ਤੇ ਗੌਰ ਕਰਨ ਦੀ ਬਜਾਏ ਕਾਬਜ ਲੀਡਰਸ਼ਿਪ ਨੇ ਇਸ ਤੋਂ ਮੁਨਕਰ ਹੋਣਾ ਸ਼ੁਰੂ ਕਰ ਦਿੱਤਾ। ਝੂੰਦਾਂ ਕਮੇਟੀ ਦੀ ਸਿਫਾਰਿਸ਼ ਸੀ ਕਿ ਸੁਖਬੀਰ ਸਿੰਘ ਬਾਦਲ ਨੂੰ ਲਾਂਭੇ ਕਰੋ। ਇਸ ਦੇ ਨਾਲ ਹੀ ਪਾਰਟੀ ਦੀ ਦਿੱਖ ਨੂੰ ਢਾਅ ਲਗਾਉਣ ਵਾਲੇ ਲੋਕਾਂ ਨੂੰ ਪਾਸੇ ਕਰਕੇ ਚੰਗੇ ਅਤੇ ਇਮਾਨਦਾਰ ਚਿਹਰੇ ਅੱਗੇ ਕਰੋ, ਪਰ ਤਿਆਗ ਦੀ ਭਾਵਨਾ ਨਾ ਦਿਖਾਉਣ ਵਾਲੇ ਲੋਕਾਂ ਨੇ ਵਰਕਰਾਂ ਦੀ ਭਾਵਨਾ ਨੂੰ ਕਦੇ ਪ੍ਰਵਾਨ ਨਹੀਂ ਕੀਤਾ।

ਜੱਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਸੰਗਤ ਦੇ ਰੂਬਰੂ ਹੁੰਦੇ ਹੋਏ ਕਿਹਾ ਕਿ, ਇਸ ਪੁਨਰ ਸੁਰਜੀਤੀ ਮੁਹਿੰਮ ਤਹਿਤ ਸਿਰਫ ਲੀਡਰਸ਼ਿਪ ਦੇ ਚਿਹਰੇ ਨਹੀਂ ਬਦਲਣੇ, ਸਗੋਂ ਨੀਤੀ ਵੀ ਬਦਲਣੀ ਹੈ। ਇਸ ਬਦਲੀ ਹੋਈ ਨੀਤੀ ਤਹਿਤ ਸ਼੍ਰੋਮਣੀ ਅਕਾਲੀ ਦਲ ਦੂਜੀਆਂ ਪਾਰਟੀਆਂ ਤੋਂ ਸਿਧਾਂਤਕ ਅਤੇ ਕਾਰਜ ਪੱਖ ਤੋਂ ਵੱਖ ਕਿਵੇਂ ਹੈ, ਇਸ ਵਿਲੱਖਣਤਾ ਨੂੰ ਪੇਸ਼ ਕਰਦੀ ਤਸਵੀਰ ਦੇ ਰੂਪ ਵਿੱਚ ਪੰਥ ਅਤੇ ਪੰਜਾਬ ਪ੍ਰਸਤ ਨਵੀਂ ਲੀਡਰਸ਼ਿਪ ਦਾ ਉਭਾਰ ਅਤੇ ਉਥਾਨ ਹੋਵੇਗਾ।

ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਨੇ ਕਿਹਾ ਕਿ ਅੱਜ ਪੰਜਾਬ ਦੀ ਫ਼ਿਜ਼ਾ ਉਦਾਸ ਹੈ। ਨਿਰਾਸ਼ਤਾ ਅਤੇ ਨਿਆਸਰੇ ਵਾਲੀ ਸਥਿਤੀ ਵਿੱਚੋਂ ਪੰਜਾਬ ਗੁਜਰ ਰਿਹਾ ਹੈ। ਇਸ ਵਿੱਚੋ ਨਿਲਕਣ ਦਾ ਇਕੋ ਇੱਕ ਰਸਤਾ ਹੈ ਕਿ ਅਸੀਂ ਜੱਥੇਬੰਧਕ ਤੌਰ ਤੇ ਮਜ਼ਬੂਤ ਹੋਈਏ।ਆਪਣੀ ਪੰਥਕ ਸ਼ਕਤੀ ਨੂੰ ਮਜ਼ਬੂਤ ਕਰੀਏ। ਜੱਥੇਦਾਰ ਉਮੈਦਪੁਰੀ ਨੇ ਕਿਹਾ ਕਿ ਭਰਤੀ ਦਾ ਕੰਮ ਨੇਪਰੇ ਚੜਨ ਵਾਲਾ ਹੈ, ਅਗਲਾ ਕਾਰਜ ਸੰਗਤ ਨੇ ਕਰਨਾ ਹੈ,ਸੰਗਤ ਸਾਹਮਣੇ ਦੋ ਰਸਤੇ ਨੇ, ਇੱਕ ਭਗੌੜਾ ਦਲ ਵੱਲ ਜਾਂਦਾ ਹੈ ਦੂਜਾ ਰਸਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਥਾਪੜੇ ਨਾਲ ਚੁਣੀ ਜਾਣ ਪੰਥ ਅਤੇ ਪੰਜਾਬ ਪ੍ਰਵਾਣਿਤ ਲੀਡਰਸ਼ਿਪ ਵੱਲ, ਸੰਗਤ ਕੋਲ ਖੁੱਲਾ ਵਿਕਲਪ ਅਤੇ ਰਸਤਾ ਹੈ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਅੱਜ ਕੌਮ ਦੀ ਤਸਵੀਰ ਅਤੇ ਤਕਦੀਰ ਧੁੰਦਲੀ ਪੈ ਚੁੱਕੀ ਹੈ। ਖ਼ੂਨ ਪਸੀਨੇ ਨਾਲ ਸਿੰਜੀ ਸਾਡੀ ਪੰਥ ਅਤੇ ਪੰਜਾਬ ਦੀ ਮਾਂ ਪਾਰਟੀ ਅਯੋਗ ਲੋਕਾਂ ਦੇ ਹੱਥਾਂ ਵਿੱਚ ਜਾ ਚੁੱਕੀ ਹੈ। ਪਾਰਟੀ ਦੇ ਸੁਨਹਿਰੀ ਇਤਿਹਾਸ ਨੂੰ ਦੁਹਰਾਉਣ ਲਈ ਸਾਨੂੰ ਹੰਭਲਾ ਮਾਰਨ ਦੀ ਲੋੜ ਹੈ, ਪੰਜ ਮੈਂਬਰੀ ਭਰਤੀ ਕਮੇਟੀ ਜਰੀਏ ਆਸ ਅਤੇ ਉਮੀਦ ਤੇ ਖਰਾ ਉਤਰਦੀ ਲੀਡਰਸ਼ਿਪ ਦੀ ਭਾਲ ਨਿਸਚਿਤ ਰੂਪ ਵਿੱਚ ਪੂਰਾ ਹੋਵੇਗੀ।

ਸਾਬਕਾ ਸਾਂਸਦ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅੱਜ ਅਕਾਲੀ ਦਲ ਦਾ ਵਰਕਰ ਘਟ ਰਹੀ ਵੋਟ ਫ਼ੀਸਦ ਤੋ ਚਿੰਤਤ ਹੈ। ਪਿਛਲੇ ਪੰਜ ਇਲੈਕਸ਼ਨ ਵਿੱਚ ਇੱਕ ਵਿਅਕਤੀ ਦੀ ਅਗਵਾਈ ਹੇਠ ਪਾਰਟੀ ਬੁਰੀ ਤਰ੍ਹਾਂ ਹਾਰੀ ਪਰ ਉਸ ਵਲੋ ਕਦੇ ਵੀ ਤਿਆਗ ਦੀ ਭਾਵਨਾ ਨਾਲ ਕੰਮ ਨਹੀਂ ਕੀਤਾ ਗਿਆ। ਸਰਦਾਰ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਪਾਰਟੀ ਵਿੱਚ ਗੈਰ ਸਿਧਾਂਤਕ ਅਤੇ ਗੈਰ ਪੰਥਕ ਫੈਸਲੇ ਹੋਏ, ਜਿਸ ਨੂੰ ਸਾਡੇ ਵਰਕਰਾਂ ਨੇ ਕਬੂਲ ਨਹੀਂ ਕੀਤਾ। ਪਾਰਟੀ ਸੰਗਠਨ ਉਪਰ ਗੈਰ ਤਜੁਰੇਬਕਾਰ ਲੋਕਾਂ ਦਾ ਕਾਬਜ ਹੋਣ ਦਾ ਖ਼ੁਮਿਆਜਾ ਅੱਜ ਵਰਕਰ ਭੁਗਤ ਰਹੇ ਹਨ। ਸਰਦਾਰ ਢੀਂਡਸਾ ਨੇ ਸਾਰੇ ਵਰਕਰਾਂ ਨੂੰ ਅਪੀਲ ਕੀਤੀ ਕਿ ਓਹ ਅਗਲੇ ਹਫਤੇ ਤੱਕ ਪੂਰੀ ਤਨਦੇਹੀ ਨਾਲ ਲੱਗ ਕੇ ਭਰਤੀ ਕਾਪੀਆਂ ਨੂੰ ਪੂਰਾ ਕਰਦੇ ਹੋਏ ਜਮ੍ਹਾਂ ਕਰਵਾਉਣ ਵੱਲ ਕੋਸ਼ਿਸ਼ ਕਰਨ। ਇਸ ਮੀਟਿੰਗ ਨੂੰ ਸਾਬਕਾ ਮੰਤਰੀ ਸੁੱਚਾ ਸਿੰਘ ਛੋਟੇਪੁਰ ਨੇ ਵੀ ਸੰਬੋਧਨ ਕੀਤਾ। ਮੀਟਿੰਗ ਵਿੱਚ ਪਹੁੰਚੇ ਵਰਕਰਾਂ ਦਾ ਧੰਨਵਾਦ ਕਰਦਿਆਂ ਸਾਬਕਾ ਵਿਧਾਇਕ ਅਤੇ ਐਸਜੀਪੀਸੀ ਮੈਂਬਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਕਿਹਾ ਕਿ ਦੁਆਬੇ ਦੀ ਧਰਤੀ ਤੇ ਪੰਜ ਮੈਂਬਰੀ ਭਰਤੀ ਕਮੇਟੀ ਨੂੰ ਮਿਲਣ ਵਾਲਾ ਸਹਿਯੋਗ ਨਵੀਂ ਇਬਾਰਤ ਲਿਖਣ ਜਾ ਰਿਹਾ ਹੈ। ਇਸ ਸਮੇਂ ਅਵਤਾਰ ਸਿੰਘ ਜੌਹਲ, ਮਨਜੀਤ ਸਿੰਘ ਦਸੂਹਾ, ਸਤਵਿੰਦਰ ਪਾਲ ਸਿੰਘ ਰਾਮਦਾਸਪੁਰ, ਪਰਮਿੰਦਰ ਸਿੰਘ ਪੰਨੂ, ਜਗਤਾਰ ਸਿੰਘ ਬਲਾਲਾ, ਹਰਕਮਲ ਜੀਤ ਸਿੰਘ ਸਹੋਤਾ, ਹਰਜੀਤ ਸਿੰਘ ਭਾਂਤਪੁਰ, ਬੂਟਾ ਸਿੰਘ ਅਲੀਪੁਰ, ਗੁਰਿੰਦਰ ਸਿੰਘ ਗੋਲਡੀ, ਮਾਸਟਰ ਕੁਲਵਿੰਦਰ ਸਿੰਘ ਜੰਡਾ, ਹਰਬੰਸ ਸਿੰਘ ਮੰਝਪੁੱਰ, ਸੁਖਵਿੰਦਰ ਸਿੰਘ ਮੂਨਕ, ਇੰਦਰਜੀਤ ਸਿੰਘ ਖਾਲਸਾ, ਰਸ਼ਿਮੰਦਰ ਸਿੰਘ ਕੰਗ, ਜਸਦੀਪ ਸਿੰਘ ਰਾਮਦਾਸਪੁਰ, ਗੁਰਤੇਜ ਸਿੰਘ ਕੁੰਢਲ,ਬਲਵਿੰਦਰ ਸਿੰਘ ਬੌਬੀ, ਅਵਤਾਰ ਸਿੰਘ ਬਾਹੋਵਾਲ, ਅਮਰਜੀਤ ਸਿੰਘ ਪੁਰਖੋਵਾਲ ਸਮੇਤ ਵੱਡੀ ਗਿੱਣਤੀ ਵਿੱਚ ਲੋਕ ਹਾਜ਼ਰ ਸਨ।

# ਅਜ਼ਾਦੀ ਤੋਂ ਬਾਅਦ ਭਾਰਤ ਉੱਪਰ ਫ਼ਿਰਕਾਪ੍ਰਸਤ ਤਾਕਤਾਂ ਦਾ ਕਬਜ਼ਾ

## ਫਿਰੰਗੀਆਂ ਨੇ ਆਪਣੇ ਸਵਾਰਥ ਲਈ ਬ੍ਰਾਹਮਣਾਂ ਨੂੰ ਮੁਲਕ ਦੇ ਰਾਜੇ ਬਣਾ ਦਿੱਤਾ



ਅਸੀਂ ਪਹਿਲਾਂ ਵੀ ਕਈ ਵਾਰ ਲਿਖ ਚੁੱਕੇ ਹਾਂ ਕਿ ਦਿੱਲੀ ਦੇ ਸਿਆਸੀ ਗਲਿਆਰਿਆਂ ਵਿੱਚ ਸਾਬਕਾ ਹਿੰਦੂ ਅਫ਼ਸਰਾਂ ਦੀ ਇੱਕ ਏਜੰਸੀ ਸਿੱਖਾਂ ਵਿਰੁੱਧ ਕਈ ਵਰ੍ਹਿਆਂ ਤੋਂ ਸਰਗਰਮ ਹੈ ਜੋ ਹਰ ਢੰਗ ਤਰੀਕੇ ਨਾਲ ਸਿੱਖਾਂ ਦੀ ਅਣਖ਼ ਅਤੇ ਸਵੈਮਾਣ ਨੂੰ ਖ਼ੁੰਢਾ ਕਰਨ ਲਈ ਯਤਨਸ਼ੀਲ ਰਹਿੰਦੀ ਹੈ। ਆਪਣੇ ਇਸ ਮੰਤਵ ਵਿੱਚ ਉਹ ਹੁਣ ਤਕ ਕੁਝ ਹੱਦ ਤਕ ਕਾਮਯਾਬ ਵੀ ਹਨ। ਸਰਕਾਰੀ ਕੁਰਸੀ ਹਾਸਲ ਕਰਨ ਦੇ ਲਾਲਚ ਵਿੱਚ ਕੌਮ ਨਾਲ ਗ਼ੱਦਾਰੀ ਕਰਨ ਵਾਲ਼ੇ ਸਿੱਖ ਲੀਡਰ ਸਿਆਸੀ ਪਾਰਟੀਆਂ ਇਸੇ ਏਜੰਸੀ ਦੀ ਪੈਦਾਵਾਰ ਹਨ। ਅਜਿਹੇ ਬੇਗ਼ੈਰਤ ਲੀਡਰਾਂ ਨੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰੁਤਬੇ ਦੀ ਮਹਾਨਤਾ ਵਿੱਚ ਨਿਘਾਰ ਲਿਆਂਦਾ ਅਤੇ ਗੁਰੂ-ਘਰਾਂ ਵਿੱਚ ਪਵਿੱਤਰ ਸਰੂਪਾਂ ਦੀ ਬੇਅਦਬੀ ਦਾ ਸਬੱਬ ਬਣੇ। ਸਾਬਕਾ ਹਿੰਦੂ ਅਫਸਰਾਂ ਦੀ ਉਕਤ ਏਜੰਸੀ ਬਾਰੇ 'ਵੰਗਾਰ' ਮੈਗਜ਼ੀਨ ਵਿੱਚ ਇੱਕ ਆਰਟੀਕਲ ਛਪਿਆ ਸੀ, ਜਿਸ ਦਾ ਸਿਰਲੇਖ ਸੀ 'ਇੱਕ ਹਿੰਦੂ ਰਾਸ਼ਟਰ ਵਿੱਚ ਸਿੱਖ ਅਜ਼ਾਦੀ ਤਕ ਬਾਗੀ ਰਹਿਣਗੇ' ਉਸ ਲੇਖ ਵਿੱਚੋਂ ਕੁਝ ਸਤਰਾਂ ਦਾਸ ਹਵਾਲੇ ਵਜੋਂ ਹੂ-ਬ-ਹੂ ਲਿਖ ਰਿਹਾ ਹੈ। "ਗੱਲ ਜੇਕਰ ਖ਼ੁਫ਼ੀਆ ਏਜੰਸੀਆਂ 'ਤੇ ਆ ਹੀ ਗਈ ਹੈ ਤਾਂ ਅਸੀਂ ਪਾਠਕਾਂ ਨੂੰ ਦੱਸ ਦੇਈਏ ਕਿ ਖ਼ੁਫ਼ੀਆ ਏਜੰਸੀਆਂ ਅਤੇ ਕੁਝ ਵਿਸ਼ੇਸ਼ ਫ਼ੋਰਸਾਂ ਦੇ ਅੰਦਰ ਹਿੰਦੂਆਂ ਤੋਂ ਇਲਾਵਾ ਭਾਰਤ 'ਚ ਵੱਸਦੀਆਂ ਹੋਰ ਸਾਰੀਆਂ ਹੀ ਕੌਮਾਂ ਦਾ ਦਾਖ਼ਲਾ ਬੰਦ ਹੈ। ਇਹ ਦਾਖ਼ਲਾ ਏਨੇ ਪੱਕੇ ਢੰਗ ਨਾਲ ਬੰਦ ਹੈ ਕਿ ਆਪਣੇ 10 ਸਾਲਾਂ ਦੇ ਕਾਰਜਕਾਲ ਦੇ ਦੌਰਾਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਇਸ ਨੂੰ ਖੁਲਵਾਉਣ ਲਈ ਜ਼ੋਰ ਲਾਉਂਦਾ ਰਿਹਾ ਪਰ ਸਫਲ ਨਹੀਂ ਹੋ ਸਕਿਆ। ਫਿਰ ਕਿਹੜਾ ਭੜੂਆ ਕਹਿੰਦਾ ਹੈ ਕਿ ਭਾਰਤ ਵਿੱਚ ਲੋਕਤੰਤਰੀ ਰਾਜ ਹੈ?" ਪ੍ਰਸਿੱਧ ਮੈਗਜ਼ੀਨ 'ਤਹਿਲਕਾ' ਨੇ ਵੀ ਖੁਲਾਸਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਹੁੰਦਿਆਂ ਮਨਮੋਹਨ ਸਿੰਘ ਵੱਲੋਂ ਐੱਸ.ਪੀ.ਜੀ. (ਸਪੈਸ਼ਲ ਪ੍ਰੋਟਕਸ਼ਨ ਗਰੁੱਪ) ਰਾਅ (ਰਿਸਰਚ ਐਂਡ ਐਨਾਲਾਇਸਜ਼ ਵਿੰਗ) ਅਤੇ ਆਈ.ਬੀ. (ਇੰਟੈਲੀਜੈਂਸ ਬਿਓਰੋ) ਦੇ ਸਾਬਕਾ ਅਤੇ ਮੌਜੂਦਾ ਅਫ਼ਸਰਾਂ ਦੀ ਬੁਲਾਈ ਮੀਟਿੰਗ ਵਿੱਚ ਸੋਨੀਆ ਗਾਂਧੀ ਵੀ ਹਾਜ਼ਰ ਸੀ, ਜਿਸ ਦੇ ਵਿੱਚ ਰਾਅ 'ਚ ਮੁਸਲਮਾਨਾਂ 'ਤੇ ਲੱਗੀ ਪਬੰਦੀ ਹਟਾਉਣ ਬਾਰੇ ਵਿਚਾਰ ਹੋਈ। ਅੱਗੋਂ ਇਹਨਾਂ ਅਫ਼ਸਰਾਂ ਨੇ ਕਿਹਾ : "ਅਜਿਹਾ ਹੋ ਤਾਂ ਸਕਦਾ ਹੈ ਪਰ ਸਾਲਾਂ ਤੋਂ ਚੱਲੇ ਆ ਰਹੇ ਸਿਸਟਮ ਨੂੰ ਬਦਲਣ ਨਾਲ ਜੇਕਰ ਕੁਝ ਗੜਬੜ ਹੋਈ ਤਾਂ ਇਸ ਦੀ ਜ਼ਿੰਮੇਵਾਰੀ ਕੌਣ ਲਵੇਗਾ?" ਇਸ ਤਰ੍ਹਾਂ ਤਤਕਾਲੀਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਸੋਨੀਆ ਗਾਂਧੀ ਨੂੰ ਡਰਾ ਕੇ ਚੁੱਪ ਕਰਵਾ ਦਿੱਤਾ ਗਿਆ। 1952 ਨੂੰ ਲੋਕ ਸਭਾ ਦੀਆਂ ਚੋਣਾਂ ਹੋਈਆਂ। ਨਹਿਰੂ ਨੇ 3 ਪ੍ਰਤੀਸ਼ਤ ਬ੍ਰਾਹਮਣਾਂ ਨੂੰ 60 ਪ੍ਰਤੀਸ਼ਤ ਟਿਕਟਾਂ ਦਿੱਤੀਆਂ, 57 ਪ੍ਰਤੀਸ਼ਤ ਬ੍ਰਾਹਮਣਾਂ ਨੂੰ ਲੋਕ ਸਭਾ ਵਿੱਚ ਚੁਣ ਕੇ ਲਿਆਂਦੇ ਐੱਸ.ਸੀ./ਐੱਸ.ਟੀ. ਸਾਢੇ 22 ਪ੍ਰਤੀਸ਼ਤ ਅਤੇ 47 ਪ੍ਰਤੀਸ਼ਤ ਬ੍ਰਾਹਮਣਾਂ ਨੂੰ (ਓ.ਬੀ.ਸੀ. ਦੀ ਵੋਟ ਨਾਲ) ਚੁਣਵਾ ਕੇ ਨਹਿਰੂ ਨੇ ਸੰਸਦ ਵਿੱਚ ਬ੍ਰਾਹਮਣਾਂ ਦਾ ਕਬਜ਼ਾ ਕਰਵਾਇਆ ਅਤੇ ਇਸ ਤਰ੍ਹਾਂ ਦੇ ਕਨੂੰਨ ਬਣਾਏ ਕਿ ਵਿਧਾਇਕਾਵਾਂ (ਵਿਧਾਨ ਸਭਾਵਾਂ) ਉੱਤੇ ਬ੍ਰਾਹਮਣਾਂ ਦਾ ਕਬਜ਼ਾ, ਨਿਆਂ ਪਾਲਿਕਾ ਉੱਤੇ ਬ੍ਰਾਹਮਣਾਂ ਦਾ ਕਬਜ਼ਾ, ਮੀਡੀਆ ਉੱਤੇ ਬ੍ਰਾਹਮਣਾਂ ਦਾ ਕਬਜ਼ਾ, ਵਿੱਦਿਅਕ ਅਦਾਰਿਆਂ ਉੱਤੇ ਬ੍ਰਾਹਮਣਾਂ ਦਾ ਕਬਜ਼ਾ (ਤੇ ਫ਼ੌਜ 'ਤੇ ਵੀ), ਰੂਲੰਗਿ ਸੱਤਾਧਾਰੀ ਪਾਰਟੀ ਬ੍ਰਾਹਮਣਾਂ ਦੀ, ਤੀਜੀ ਵਿਰੋਧੀ ਪਾਰਟੀ (ਕਮਿਉਨਿਸਟ ਪਾਰਟੀ) ਵੀ ਬ੍ਰਾਹਮਣਾਂ ਦੀ। 1947 ਦੀ ਅਜ਼ਾਦੀ ਤੋਂ ਬਾਅਦ ਭਾਰਤ ਅੰਗਰੇਜ਼ਾਂ ਦੀ ਥਾਂ ਬ੍ਰਾਹਮਣਾਂ ਦਾ ਗ਼ੁਲਾਮ ਹੋ ਗਿਆ। ਇੱਥੇ ਇਹ ਵੀ ਦੱਸਣ ਯੋਗ ਹੋਵੇਗਾ ਕਿ 125 ਕਰੋੜ ਦੀ ਅਬਾਦੀ ਵਾਲ਼ੇ ਭਾਰਤ ਦੇਸ਼ ਵਿੱਚ ਤਿੰਨ ਪ੍ਰਤੀਸ਼ਤ ਬ੍ਰਾਹਮਣ ਬਹੁਗਿਣਤੀ ਵਿੱਚ ਕਿਵੇਂ ਹੋ ਗਏ? ਅਸਲ ਵਿੱਚ 'ਭਾਰਤ ਮਾਤਾ ਦੀ ਜੈ' ਅਤੇ ਦੇਸ਼ ਦੇ ਨਾਂ ਵਜੋਂ 'ਭਾਰਤ' ਸ਼ਬਦ ਦੀ ਕਲਪਨਾ 1925 ਤੋਂ ਬਾਅਦ ਹੋਂਦ ਵਿੱਚ ਆਈ। ਆਮ ਹਿੰਦੁਸਤਾਨੀਆਂ ਨੂੰ ਅੰਗਰੇਜ਼ਾਂ ਦਾ ਕਈ ਗੱਲਾਂ ਕਰ ਕੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿਉਂਕਿ ਉਹਨਾਂ ਨੇ ਸਾਰੇ ਹਿੰਦੁਸਤਾਨ ਨੂੰ ਡੰਡੇ ਨਾਲ ਇਕੱਠਾ ਕੀਤਾ ਤਾਂ ਹੀ ਅੱਜ ਹਿੰਦੂ ਲੀਡਰ ਕਸ਼ਮੀਰ ਅਤੇ ਨਾਗਾਲੈਂਡ ਨੂੰ ਦੇਸ਼ ਦਾ ਅਟੁੱਟ ਅੰਗ ਕਹਿਣ ਜੋਗੇ ਹੋਏ ਹਨ। ਨਹੀਂ ਤਾਂ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਭਾਰਤ ਛੇ ਸੌ ਤੋਂ ਵੀ ਵੱਧ ਰਿਆਸਤਾਂ ਵਿੱਚ ਵੰਡਿਆ ਹੋਇਆ ਸੀ। ਕੋਈ ਇੱਕ ਦੂਜੇ ਨੂੰ ਜਾਣਦਾ ਤਕ ਨਹੀਂ ਸੀ। ਅੰਗਰੇਜ਼ਾਂ ਦੇ ਰਹਿਣ ਤਕ ਤਾਂ ਕੋਈ ਸਮੱਸਿਆ ਨਹੀਂ ਸੀ ਪਰ ਅੱਜ ਪੰਜਾਬ ਕਸ਼ਮੀਰ, ਅਸਾਮ, ਨਾਗਾਲੈਂਡ, ਨਕਸਲਵਾਦੀ ਤੇ ਹੋਰ ਕਈ ਸੂਬਿਆਂ ਦੀਆਂ ਸਮੱਸਿਆਵਾਂ ਹਨ। ਹਿੰਦੂ ਹਰ ਵੇਲੇ ਕਹਿੰਦਾ ਹੈ ਕਿ ਭਾਰਤ ਲੋਕਤੰਤਰੀ ਦੇਸ਼ ਹੈ, ਪਰ ਆਪ ਕਦੇ ਵੀ ਲੋਕਤੰਤਰੀ ਨਹੀਂ ਰਿਹਾ। ਜਾਂ ਤੇ ਲੋਕਾਂ 'ਤੇ ਜ਼ੁਲਮ ਕਰਦਾ ਰਿਹਾ ਹੈ ਤੇ ਜਾਂ ਆਪ ਜ਼ੁਲਮ ਸਹਿੰਦਾ ਰਿਹਾ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ ਬਰਤਾਨੀਆਂ ਦੀ ਅੰਦਰੂਨੀ ਹਾਲਤ ਏਨੀ ਜ਼ਰਜ਼ਰੀ ਹੋ ਚੁੱਕੀ ਸੀ ਕਿ ਭਾਰਤ ਨੂੰ ਛੇਤੀ ਤੋਂ ਛੇਤੀ ਛੱਡ ਦੇਣਾ ਚਾਹੁੰਦਾ ਸੀ, ਇਸ ਕਰਕੇ ਵੋਟਤੰਤਰ ਦੀ ਰਾਜਨੀਤੀ ਵਿੱਚ ਬਹੁਗਿਣਤੀ ਅਖਵਾਉਣ ਵਾਲ਼ੇ ਤਿੰਨ ਪ੍ਰਤੀਸ਼ਤ ਬ੍ਰਾਹਮਣਾਂ ਦਾ ਦਾਅ ਲੱਗ ਗਿਆ। 1917-18 ਵਿੱਚ ਬਰਤਾਨੀਆ ਪਾਰਲੀਮੈਂਟ ਨੇ ਬਾਲਗ ਵੋਟ ਅਧਿਕਾਰ ਦਾ ਕਨੂੰਨ ਪਾਸ ਕਰ ਦਿੱਤਾ ਸੀ। ਇਧਰ ਦੇਸ਼ ਦੇ ਬ੍ਰਾਹਮਣ ਚਿੰਤਾ ਵਿੱਚ ਪੈ ਗਏ ਕਿ ਹੁਣ ਇਹ ਕਨੂੰਨ ਸਾਡੇ ਦੇਸ਼ ਵਿੱਚ ਵੀ ਲਾਗੂ ਹੋ ਜਾਵੇਗਾ, ਕਿਉਂਕਿ ਇੱਥੇ ਵੀ ਅੰਗਰੇਜ਼ਾਂ ਦਾ ਰਾਜ ਹੈ। ਉਸ ਸਮੇਂ ਤਿੰਨ ਫ਼ੀਸਦੀ ਬ੍ਰਾਹਮਣ ਚਿੰਤਾ ਵਿੱਚ ਸਨ ਕਿ ਜੇ ਚੋਣਾਂ ਹੁੰਦੀਆਂ ਹਨ ਤਾਂ ਬ੍ਰਾਹਮਣਾਂ ਦੇ ਪ੍ਰਤੀਨਿਧ ਕਿਸੇ ਸੂਰਤ ਵਿੱਚ ਵੀ ਜਿੱਤ ਪ੍ਰਾਪਤ ਨਹੀਂ ਕਰ ਸਕਣਗੇ। ਬ੍ਰਾਹਮਣਾਂ ਦੀ ਚਿੰਤਾ ਜਾਇਜ਼ ਸੀ ਕਿਉਂਕਿ ਉਹਨਾਂ ਲਗਭਗ ਪਿਛਲੇ ਪੰਜ ਹਜ਼ਾਰ ਸਾਲਾਂ ਤੋਂ ਬਿਨਾਂ ਕਿਸੇ ਕੰਮ-ਕਾਰ ਤੋਂ ਸ਼ਾਹੀ ਜ਼ਿੰਦਗੀਆਂ ਜੀਵੀਆਂ ਸਨ। ਮੁਗ਼ਲਾਂ ਅਤੇ ਅੰਗਰੇਜ਼ਾਂ ਦੇ ਰਾਜ ਵਿੱਚ ਵੀ ਉਹ ਬਹੁਤ ਮਹੱਤਵਪੂਰਨ ਅਹੁਦਿਆਂ ਉੱਤੇ ਬਿਰਾਜਮਾਨ ਰਹੇ ਸਨ। ਉਹਨਾਂ ਦਾ ਸਮਾਜ ਅਤੇ ਰਾਜ ਤੋਂ ਕਬਜ਼ਾ ਖ਼ਤਮ ਹੋ ਰਿਹਾ ਸੀ। ਇਸ ਲਈ 'ਦਾਮੋਦਰ ਦਾਸ ਸਾਵਰਕਰ' ਨੇ 1920 ਵਿੱਚ ਬ੍ਰਾਹਮਣ ਸਭਾ ਦੀ ਸਥਾਪਨਾ ਕੀਤੀ। ਸਾਵਰਕਰ ਨੇ 'ਹਿੰਦੂਤਵ' ਨਾਂ ਦੀ ਇੱਕ ਕਿਤਾਬ ਲਿਖੀ ਜਿਸ ਵਿੱਚ ਬ੍ਰਾਹਮਣਾਂ ਨੂੰ ਇਹ ਚਿਤਾਵਨੀ ਦਿੱਤੀ ਗਈ ਸੀ ਕਿ ਜੇ ਉਹਨਾਂ ਨੇ ਆਪਣੇ ਆਪ ਨੂੰ ਹਿੰਦੂ ਨਾ ਐਲਾਨਿਆ ਤਾਂ ਬ੍ਰਾਹਮਣਾਂ ਦਾ ਪਤਨ ਨਿਸ਼ਚਿਤ ਹੈ। 1923 ਵਿੱਚ ਬ੍ਰਾਹਮਣ ਸਭਾ ਦਾ ਇਜਲਾਸ ਮੁੜ ਕੇ ਹੋਇਆ। 1925 ਵਿੱਚ ਆਰ.ਐੱਸ.ਐੱਸ. ਦਾ ਗਠਨ ਕੀਤਾ ਗਿਆ ਅਤੇ ਬ੍ਰਾਹਮਣਾਂ ਨੂੰ ਹਿੰਦੂ ਐਲਾਨਿਆ ਅਤੇ ਸ਼ੂਦਰਾਂ, ਅਛੂਤਾਂ ਨੂੰ ਵੀ 'ਹਿੰਦੂ' ਕਹਿਣਾ ਸ਼ੁਰੂ ਕਰ ਦਿੱਤਾ। ਉਸ ਸਮੇਂ ਆਰ.ਐੱਸ.ਐੱਸ. ਨੇ 'ਭਾਰਤ ਮਾਤਾ ਦੀ ਜੈ' ਦਾ ਨਾਹਰਾ ਅਤੇ ਦੇਸ਼ ਲਈ 'ਭਾਰਤ' ਸ਼ਬਦ ਦੇ ਬ੍ਰਾਹਮਣਵਾਦੀ ਆਰੀਆ ਨਾਹਰੇ ਈਜ਼ਾਦ ਕੀਤੇ। ਆਰੀਅਨ ਨੇ ਬਹੁਗਿਣਤੀ ਵਿੱਚ ਆਉਣ ਲਈ ਚਾਣਕੀਆ ਨੀਤੀ 'ਸਾਮ, ਦਾਮ, ਦੰਡ, ਭੇਦ' ਅਨੁਸਾਰ ਬ੍ਰਾਹਮਣਾਂ ਨੇ ਆਪਣੇ ਆਪ ਨੂੰ ਹਿੰਦੂ ਕਹਿਣਾ ਤੇ ਲਿਖਣਾ ਸ਼ੁਰੂ ਕਰ ਦਿੱਤਾ ਕਿਉਂਕਿ ਵੈਦਿਕ ਗ੍ਰੰਥਾਂ ਵਿੱਚ ਕਿਤੇ ਵੀ 'ਹਿੰਦੂ' ਸ਼ਬਦ ਦੀ ਵਰਤੋਂ ਨਹੀਂ ਹੋਈ। ਹਿੰਦੂ ਸ਼ਬਦ ਆਰੀਅਨ ਲੋਕਾਂ ਨੂੰ ਮੁਗ਼ਲ ਸ਼ਾਸਕਾਂ ਨੇ ਦਿੱਤਾ ਸੀ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਬ੍ਰਾਹਮਣਾਂ ਦਾ ਧਰਮ ਤੇ ਗੋਤ ਵੀ ਇੱਕ ਨਹੀਂ ਹੈ ਸਗੋਂ ਦਰਜਨ ਦੇ ਕਰੀਬ ਵੱਖ-ਵੱਖ ਧਰਮਾਂ ਦੇ ਹਨ। 'ਮਹਾਨ ਕੋਸ਼' ਵਿੱਚ ਹੀ ਲਿਖਿਆ ਹੈ ਕਿ ਅਰਬੀ, ਫਾਰਸੀ ਦੇ ਕਵੀਆਂ ਨੇ 'ਚੋਰ' ਤੇ 'ਗ਼ੁਲਾਮ' ਲਈ "ਹਿੰਦੂ" ਸ਼ਬਦ ਵਰਤਿਆ ਹੈ। ਖ਼ੈਰ ਅਸੀਂ ਗੱਲ ਕਰ ਰਹੇ ਸੀ ਕਿ ਦਿੱਲੀ ਦੇ ਸਿਆਸੀ ਗਲਿਆਰਿਆਂ ਵਿੱਚ ਸਾਬਕਾ ਹਿੰਦੂ ਅਫ਼ਸਰਾਂ ਦੀ ਇੱਕ ਏਜੰਸੀ ਸਿੱਖਾਂ ਵਿਰੁੱਧ ਕਈ ਵਰ੍ਹਿਆਂ ਤੋਂ ਸਰਗਰਮ ਹੈ ਜੋ ਹਰ ਢੰਗ ਤਰੀਕੇ ਨਾਲ ਸਿੱਖਾਂ ਦੀ ਅਣਖ਼ ਤੇ ਸਵੈਮਾਣ ਨੂੰ ਖ਼ੁੰਢਾ ਕਰਨ ਲਈ ਯਤਨਸ਼ੀਲ ਰਹਿੰਦੀ ਹੈ। 'ਇੰਡੀਆ ਟੂਡੇ' ਦੇ ਮਿਲੈਨੀਅਮ ਅੰਕ ਵਿੱਚ ਤਵਲੀਨ ਸਿੰਘ ਨੇ ਉਹਨਾਂ ਸੌ ਹਸਤੀਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਭਾਰਤ ਦਾ ਢਾਂਚਾ ਉਸਾਰਿਆ ਹੈ। ਪਰ ਅਫ਼ਸੋਸ ਇਹਨਾਂ ਸੌ ਵਿੱਚ ਇੱਕ ਵੀ ਸਿੱਖ ਨਹੀਂ। ਹਾਲਾਂਕਿ ਭਾਰਤ ਦੇ ਅੱਜ ਤਕ ਬਣੇ ਪ੍ਰਧਾਨ ਮੰਤਰੀਆਂ ਵਿੱਚੋਂ ਸਿੱਖ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸਭ ਤੋਂ ਜ਼ਿਆਦਾ ਪੜ੍ਹਿਆ ਲਿਖਿਆ ਤੇ ਨੀਤੀਵਾਨ ਸਿੱਧ ਹੋਇਆ, ਜਿਸ ਨੇ ਭਾਰਤ ਦੀ ਆਰਥਿਕਤਾ ਨੂੰ ਤਬਾਹ ਹੋਣ ਤੋਂ ਬਚਾਇਆ ਤੇ ਸਭ ਤੋਂ ਘੱਟ ਪੜ੍ਹਿਆ ਹਿੰਦੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੈ, ਜਿਸ ਨੇ ਨੋਟਬੰਦੀ ਕਰ ਕੇ ਭਾਰਤ ਦੀ ਆਰਥਿਕਤਾ ਦਾ ਭੱਠਾ ਬਿਠਾ ਦਿੱਤਾ ਹੈ। ਸਿੱਖ ਕੌਮ ਨੇ ਹੀ ਭਾਰਤ ਨੂੰ ਇਸ ਦੇ ਸਭ ਤੋਂ ਵਧੀਆ ਜਨਰਲ, ਇੰਜੀਨੀਅਰ, ਖਿਡਾਰੀ, ਅਰਥ-ਸ਼ਾਸਤਰੀ, ਰਣਨੀਤੀਕਾਰ ਤੇ ਸਾਹਸੀ ਵਿਅਕਤੀ ਦਿੱਤੇ ਹਨ, ਜਿਨ੍ਹਾਂ ਨੇ ਭਾਰਤ ਦੇ ਇਤਿਹਾਸ ਨੂੰ ਚਾਰ ਚੰਨ ਲਾਏ ਹਨ। ਕਾਮਨਵੈਲਥ ਦੇਸ਼ਾਂ ਦੀ ਸਭ ਤੋਂ ਵੱਧ ਸਨਮਾਨਿਤ ਆਰਮੀ ਬਟਾਲੀਅਨ, ਕਾਮਨਵੈਲਥ ਦਾ ਸਭ ਤੋਂ ਵੱਧ ਸਨਮਾਨਿਤ ਫ਼ੌਜੀ, ਕਾਮਨਵੈਲਥ ਦਾ ਸਭ ਤੋਂ ਵੱਧ ਸਨਮਾਨਿਤ ਐਥਲੀਟ; ਇਹ ਸਾਰੇ ਸਿੱਖ ਵੀ ਹਨ। 1965 ਤੇ 1971 ਭਾਰਤ ਤੇ ਪਾਕਿਸਤਾਨ ਦਰਮਿਆਨ ਹੋਈਆਂ ਲੜਾਈਆਂ ਦੀ ਜਿੱਤ ਦਾ ਸਿਹਰਾ ਵੀ ਸਿੱਖ ਜਰਨੈਲਾਂ, ਜਨਰਲ ਹਰਬਖ਼ਸ਼ ਸਿੰਘ ਤੇ ਜਨਰਲ ਜਗਜੀਤ ਸਿੰਘ ਅਰੋੜਾ ਦੇ ਸਿਰ ਬੱਝਦਾ ਹੈ। ਇਹਨਾਂ ਦੋਹਾਂ ਸਿੱਖ ਜਰਨੈਲਾਂ ਦੀ ਬਦੌਲਤ ਹੀ ਭਾਰਤ ਦੀ ਪਾਕਿਸਤਾਨ 'ਤੇ ਹੋਈ ਜਿੱਤ ਕਾਰਨ ਹੀ ਭਾਰਤ ਨਮੋਸ਼ੀ ਤੋਂ ਬਚ ਸਕਿਆ ਸੀ। ਕਿਉਂਕਿ 'ਕਰਨ ਥਾਪਰ' ਦੇ 'ਸੀ.ਐੱਨ.ਬੀ.ਸੀ.' ਟੀ.ਵੀ.-18 ਦੇ 'ਇੰਡੀਆ ਟੂਨਾਈਟ' ਮਈ 2007 ਦੇ ਪ੍ਰੋਗਰਾਮ ਵਿੱਚ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਗੌਹਰ ਅਜੂਬ ਖ਼ਾਨ ਨੇ ਇਹ ਦੋਸ਼ ਲਾਇਆ ਕਿ ਜਨਰਲ ਮਾਣਕ ਸ਼ਾਹ ਨੇ 1950 ਵਿੱਚ ਭਾਰਤੀ ਯੁੱਧ ਨੀਤੀਆਂ ਨੂੰ ਪਾਕਿਸਤਾਨ ਕੋਲ ਵੇਚ ਦਿੱਤਾ ਸੀ। ਇਸੇ ਤਰ੍ਹਾਂ 1965 ਦੀ ਲੜਾਈ ਵਿੱਚ ਜੇਕਰ ਉਸ ਵਕਤ ਦੇ ਫ਼ੌਜ ਦੇ ਮੁਖੀ ਚੀਫ਼ ਜਨਰਲ ਚੌਧਰੀ ਦੀਆਂ ਨੀਤੀਆਂ 'ਤੇ ਅਮਲ ਕੀਤਾ ਜਾਂਦਾ ਤਾਂ ਮੀਡੀਆ ਰਿਪੋਰਟਾਂ ਅਨੁਸਾਰ ਭਾਰਤ ਦੀ ਹਾਰ ਯਕੀਨੀ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

**- ਜਥੇਦਾਰ ਮਹਿੰਦਰ ਸਿੰਘ ਯੂ.ਕੇ.**

### ਖਾਲਸਾ ਅਕੈਡਮੀ ਵਿਖੇ

# ਸਕੂਲ ਕੈਬਿਨਟ ਦੀ ਹੋਈ ਚੋਣ




**ਮਹਿਤਾ ਚੌਕ , 20 ਮਈ(ਬਾਬਾ ਸੁਖਵੰਤ ਸਿੰਘ ਚੰਨਣਕੇ)**-ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਕੈਡਮੀ ਮਹਿਤਾ ਚੌਕ ਜੋ ਕੇ ਦਮਦਮੀ ਟਕਸਾਲ ਦੇ 16ਲਵੀਂ ਮੁਖੀ ਮਾਨਯੋਗ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਪ੍ਰਧਾਨ ਸੰਤ ਸਮਾਜ ਜੀ ਦੀ ਸੰਯੋਗ ਰਹਿਨੁਮਾਈ ਹੇਠ ਚੱਲ ਰਿਹਾ ਵਿਦਿਅਕ ਅਦਾਰਾ

**ਇਨ੍ਹਾਂ ਚੋਣਾਂ ਵਿਚ ਕਮਲਦੀਪ ਸਿੰਘ ਹੈਡ ਬੁਆਏ, ਸੰਦੀਪ ਕੌਰ ਹੈਡ ਬੁਆਏ,ਹਰਮਿਲਾਪ ਸਿੰਘ ਸੈਕਟਰੀ ਬੁਆਏ ਅਤੇ ਅਸਮੀਤ ਕੌਰ ਸੈਕਟਰੀ ਚੁਣੇ ਗਏ**

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਕੈਡਮੀ ਮਹਿਤਾ ਚੌਕ ਵਿਖੇ ਸੈਸ਼ਨ 2025 26 ਦੇ ਸਕੂਲ ਕੈਬਨਟ ਦੀਆਂ ਚੋਣਾਂ ਕਰਵਾਈਆਂ ਗਈਆਂ।

ਸਕੂਲ ਦੇ ਪ੍ਰਿੰਸੀਪਲ ਡਾਕਟਰ ਜਤਿੰਦਰ ਕੁਮਾਰ ਸ਼ਰਮਾ ਵੱਲੋਂ ਆਪਣੇ ਮਨ ਪਸੰਦ ਦੇ ਉਮੀਦਵਾਰ ਨੂੰ ਪਹਿਲੀ ਵੋਟ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਤੋਂ ਉਪਰੰਤ ਕਲਾਸ ਤੀਸਰੀ ਤੋਂ ਲੈ ਕੇ ਕਲਾਸ ਬਾਰਵੀਂ ਤੱਕ ਦੇ ਬੱਚਿਆਂ ਨੇ ਆਪਣੇ ਮਨ- ਪਸੰਦ ਦੇ ਉਮੀਦਵਾਰ ਨੂੰ ਚੋਣਾਂ ਪਾਈਆਂ ਗਈਆਂ। ਮਿਤੀ 3/4/2025 ਸ਼ਨੀਵਾਰ ਨੂੰ ਇਹਨਾਂ ਚੋਣਾਂ ਦਾ ਨਤੀਜਾ ਘੋਸ਼ਿਤ ਕੀਤਾ ਗਿਆ। ਇਨ੍ਹਾਂ ਨਤੀਜਿਆਂ ਵਿੱਚ ਜੇਤੂ ਰਹੇ ਲੜਕੇ ਅਤੇ ਲੜਕੀਆਂ ਵਿੱਚ ਕਮਲਦੀਪ ਸਿੰਘ ਹੈਡ ਬੁਆਏ, ਸੰਦੀਪ ਕੌਰ ਹੈਡ ਬੁਆਏ, ਹਰਮਿਲਾਪ ਸਿੰਘ ਸੈਕਟਰੀ,ਅਸਮੀਤ ਕੌਰ ਸੈਕਟਰੀ,ਅਨੀਕਿਤ ਸਿੰਘ ਫਾਈਨਾਂਸ ਮਨਿਸਟਰ, ਜਸਪ੍ਰੀਤ ਕੌਰ ਫਾਈਨਾਂਸ ਮਨਿਸਟਰ,ਸੁਖਮਨਜੀਤ ਸਿੰਘ ਸਪੋਰਟਸ ਮਨਿਸਟਰ,ਸੁਪ੍ਰੀਤ ਕੌਰ ਸਪੋਰਟਸ ਮਨਿਸਟਰ, ਧਰਮਪ੍ਰੀਤ ਸਿੰਘ ਹੈਲਥ ਮਨਿਸਟਰ, ਕਮਲਪ੍ਰੀਤ ਕੌਰ ਹੈਲਥ ਮਨਿਸਟਰ ਨੂੰ ਜੇਤੂ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।




ਸਕੂਲ ਦੀ ਪ੍ਰਿੰਸੀਪਲ ਡਾਕਟਰ ਜਤਿੰਦਰ ਸ਼ਰਮਾ ਜੀ ਨੇ ਇਹਨਾਂ ਉਮੀਦਵਾਰਾਂ ਨੂੰ ਜੇਤੂ ਘੋਸ਼ਿਤ ਕਰਦਿਆਂ ਹੋਇਆਂ ਉਹਨਾਂ ਨੂੰ ਨਿਯੁਕਤੀ ਪੱਤਰ ਦਿੰਦਿਆਂ ਹੋਇਆਂ ਦੇਂਦਿਆਂ ਹੋਇਆਂ ਜੇਤੂ ਉਮੀਦਵਾਰਾਂ ਨੂੰ ਕੁਝ ਜਿੰਮੇਵਾਰੀਆਂ ਦਿੱਤੀਆਂ ਗਈਆਂ।ਪ੍ਰਿੰਸੀਪਲ ਸਾਹਿਬ ਜੀ ਨੇ ਇਹ ਵੀ ਕਿਹਾ ਕਿ ਇਹਨਾਂ ਹੀ ਐਕਟੀਵਿਟੀਆਂ ਦੇ ਦੌਰਾਨ ਬੱਚਿਆਂ ਵਿੱਚ ਜ਼ਿੰਮੇਵਾਰੀ ਅਤੇ ਲੀਡਰਸ਼ਿਪ ਦੀ ਭਾਵਨਾ ਵੱਧਦੀ ਹੈ।ਜੇਤੂ ਉਮੀਦਵਾਰਾਂ ਨੇ ਆਪਣੇ ਨਿਯੁਕਤੀ ਪੱਤਰ ਸਵੀਕਾਰ ਕਰਦਿਆ ਹੋਇਆਂ ਪ੍ਰਿੰਸੀਪਲ ਸਾਹਿਬ ਜੀ ਨਾਲ ਵਾਅਦਾ ਕੀਤਾ ਕਿ ਉਹ ਆਪਣੀਆਂ ਜਿੰਮੇਵਾਰੀਆਂ ਨੂੰ ਬਹੁਤ ਹੀ ਸੋਹਣੇ ਢੰਗ ਨਾਲ ਨਿਭਾਉਣਗੇ ਅਤੇ ਸਕੂਲ ਵਿੱਚ ਹਮੇਸ਼ਾ ਅਨੁਸ਼ਾਸਨ ਬਣਾਈ ਰੱਖਣਗੇ।ਇਸ ਮੌਕੇ ਤੇ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਡਾਕਟਰ ਜਤਿੰਦਰ ਕੁਮਾਰ ਸ਼ਰਮਾ, ਪ੍ਰਿੰਸੀਪਲ ਹਰਸ਼ਦੀਪ ਸਿੰਘ, ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ, ਸਕੂਲ ਦੇ ਸਮੂਹ ਅਧਿਆਪਕ ਸਾਹਿਬਾਨ ਨੇ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV

### ਬਾਬਾ ਜ਼ੋਗਾ ਸਿੰਘ ਗੁਰਦੁਆਰਾ ਨਾਨਕਸਰ ਠਾਠ ਛਾਂਗਾ ਖੁਰਦ ਦੇ ਸੇਵਾਦਾਰ ਦੀ

# ਅੰਤਿਮ ਅਰਦਾਸ ਤੇ ਪਾਠ ਦਾ ਭੋਗ 25 ਮਈ ਨੂੰ



**ਫ਼ਿਰੋਜ਼ਪੁਰ, 20 ਮਈ (ਮਨੋਹਰ ਲਾਲ) :—** ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਮਿਹਨਤੀ ਡਰਾਈਵਰ ਬਾਬਾ ਜ਼ੋਗਾ ਸਿੰਘ ਜ਼ੋ ਕਿ 16 ਮਈ ਨੂੰ ਅਕਾਲ ਚਲਾਣਾ ਕਰ ਗਏ ਸਨ। ਬਾਬਾ ਜ਼ੋਗਾ ਸਿੰਘ ਪੁੱਤਰ ਸ: ਕਰਤਾਰ ਸਿੰਘ ਪਿੰਡ ਬਹਾਦਰ ਵਾਲਾ ਨੇੜੇ ਫਤਿਹਗੜ੍ਹ ਪੰਚਤੂਰ ਜ਼ੋ ਕਿ ਸਿਰਫ 8 ਸਾਲ ਦੀ ਉਮਰ ਵਿਚ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਕੋਲ ਰਹਿਣ ਲੱਗੇ ਅਤੇ 35 ਸਾਲ ਬਾਬਾ ਜੀ ਦੀ ਸੇਵਾ ਕੀਤੀ ਅਤੇ ਆਪਣੀ ਜਿੰਦਗੀ ਦੀਆਂ 45 ਕੁ ਬਹਾਰਾਂ ਵੇਖ ਕੇ ਇਸ ਫਾਨੀ ਸੰਸਾਰ ਨੂੰ ਸਦਾ—ਸਦਾ ਲਈ ਅਲਵਿਦਾ ਕਹਿ ਗਏ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਦੱਸਿਆ ਕਿ ਬਾਬਾ ਜ਼ੋਗਾ ਸਿੰਘ ਮੇਰੇ ਕੋਲ 8 ਸਾਲ ਦੀ ਉਮਰ ਵਿਚ ਆਇਆ ਅਤੇ ਮੇਰੇ ਨਾਲ ਹੀ ਰਹਿੰਦੇ ਸੀ ਅਤੇ ਮੇਰੇ ਨਾਲ ਗੱਡੀ ਚਲਾਉਂਦੇ ਸੀ ਅਤੇ ਬਾਬਾ ਜ਼ੋਗਾ ਸਿੰਘ ਨੇ ਵਿਆਹ ਨਹੀਂ ਸੀ ਕਰਵਾਇਆ ਅਤੇ ਹਰ ਵੇਲੇ ਨਾਮ ਸਿਮਰਨ ਕਰਦੇ ਸੀ, ਅਸੀਂ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਦੇ ਹਾਂ ਕਿ ਵਾਹਿਗੁਰੂ ਜੀ ਸੱਚੇ ਪਾਤਸ਼ਾਹ ਬਾਬਾ ਜ਼ੋਗਾ ਸਿੰਘ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਪਿਛੇ ਪਰਿਵਾਰ, ਸਾਕ, ਸਬੰਧੀ, ਰਿਸ਼ਤੇ—ਮਿੱਤਰ ਅਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ। ਇਸ ਦੁੱਖ ਦੀ ਘੜੀ ਵਿਚ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨਾਲ ਸਮੂਹ ਸੰਤਾਂ, ਮਹਾਂਪੁਰਸ਼ਾਂ, ਸਮੂਹ ਇਲਾਕੇ ਦੀ ਸੰਗਤ ਨੇ ਦੁੱਖ ਦਾ ਪ੍ਰਗਟਾਵਾ ਕੀਤਾ। ਬਾਬਾ ਜ਼ੋਗਾ ਸਿੰਘ ਦੀ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ 25 ਮਈ ਦਿਨ ਐਤਵਾਰ ਨੂੰ 12 ਵਜੇ ਤੋਂ ਇਕ ਵਜੇ ਤੱਕ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਨੇੜੇ ਮਮਦੋਟ ਵਿਖੇ ਪਾਇਆ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਪਹਿਲਵਾਨ ਨੂੰ ਸਦਮਾਂ ਦੋਹਤੇ ਦਾ ਦੇਹਾਂਤ, ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ

**ਧੂਰੀ ( ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਪਹਿਲਵਾਨ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ ਜਦੋਂ ਉਹਨਾਂ ਦੇ ਦੋਹਤੇ ਜਸਕਰਨ ਸਿੰਘ ਧੂਰੀ ਪੋਤਰਾ ਸੁਖਦੇਵ ਸਿੰਘ ਈਸੀ ਟਰਾਂਸਪੋਰਟ ਅਚਾਨਕ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ ਹਨ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਦੇ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਈਮਾਨ ਸਿੰਘ ਮਾਨ ਸਰਪ੍ਰਸਤ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਕੁਸਲਪਾਲ ਸਿੰਘ ਮਾਨ ਦਫ਼ਤਰ ਫ਼ਤਹਿਗੜ੍ਹ, ਇਕਬਾਲ ਸਿੰਘ ਟਿਵਾਣਾ, ਭੁਪਿੰਦਰ ਸਿੰਘ ਫਤਿਹਪੁਰ, ਕਸ਼ਮੀਰ ਸਿੰਘ ਗੋਬਿੰਦਗੜ੍ਹ, ਸ਼ਿਵਦੇਵ ਸਿੰਘ , ਅਜਮੇਰ ਸਿੰਘ, ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਗੁਰਨੈਬ ਸਿੰਘ ਰਾਮਪੁਰਾ, ਹਲਕਾ ਧੂਰੀ ਦੇ ਸੀਨੀਅਰ ਮੀਤ ਪ੍ਰਧਾਨ ਨਰਿੰਦਰ ਸਿੰਘ ਕਾਲਾਬੂਲਾ, ਮੀਤ ਪ੍ਰਧਾਨ ਸਾਧੂ ਸਿੰਘ ਪੇਧਨੀ, ਹਰਮਿੰਦਰ ਸਿੰਘ ਲਾਲੀ ਧੂਰੀ, ਗੁਰਪਾਲ ਸਿੰਘ ਧੂਰੀ, ਜੁਗਰਾਜ ਸਿੰਘ ਦੋਹਲਾ, ਜਸਵੰਤ ਸਿੰਘ ਧੂਰੀ, ਯੂਥ ਆਗੂ ਪੰਮੀ ਮਾਹਮਦਪੁਰ, ਅਰਸ਼ਦੀਪ ਸਿੰਘ ਸੰਗਰੂਰ ਆਦਿ ਆਗੂਆਂ ਨੇ ਕੁਲਦੀਪ ਸਿੰਘ ਪਹਿਲਵਾਨ ਦੇ ਦੋਹਤੇ ਜਸਕਰਨ ਸਿੰਘ ਧੂਰੀ ਪੁੱਤਰ ਰਣਜੀਤ ਸਿੰਘ ਧੂਰੀ ਪੋਤਰਾ ਸੁਖਦੇਵ ਸਿੰਘ ਈਸੀ ਟਰਾਂਸਪੋਰਟ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।



ਆਵਾਜ਼ਿ ਕੌਮ AWAZE QAUM International Newspaper & WEB TV

# ਭਾਰਤ ਸਰਕਾਰ ਨੇ ਸਿੱਖਾਂ ਵੱਲ ਛੱਡਿਆ ਇੱਕ ਹੋਰ ਤੀਰ




**ਬੁੱਚੜ** ਕੇ ਪੀ ਐਸ ਗਿੱਲ ਦੇ ਭਰਾ ਡਿੱਕੀ ਗਿੱਲ ਅਤੇ ਭਰਜਾਈ ਨੇ ਸਿੱਖ ਦੇ ਜਖਮਾਂ ਉੱਪਰ ਆਏ ਖਰਿੰਡਾਂ ਨੂੰ ਛਿੱਲਿਆ ਹੈ ਅਤੇ ਉੱਹਨਾਂ ਉੱਪਰ ਦੁਬਾਰਾ ਲੂਣ ਮਿਰਚ ਮਸਾਲਾ ਅਤੇ ਤੇਜਾਬ ਛਿੜਕਿਆ ਹੈ ਐਸ ਐਸ ਐਮ ਟੀ ਵੀ ਦੇ ਰਹਿਨੁਮਾ ਸਿਮਰਨਜੋਤ ਸਿੰਘ ਮੱਕੜ ਨੂੰ ਇੰਟਰਵਿਊ ਦੇ ਕੇ ! ਭਾਰਤ ਸਰਕਾਰ ਅਤੇ ਅਤੇ ਹਿੰਦੂਵਾਦੀ ਸੋਚ ਨੇ ਧਾਰਿਆ ਹੋਇਆ ਹੈ ਸਿੱਖ ਕੌਮ ਨੂੰ ਇੱਕ ਤੋਂ ਇੱਕ ਪੀੜਾ ਦੇ ਕੇ ਹੀ ਰੱਖਣੀ ਹੈ ਅਤੇ ਇਹ ਸਿਲਸਿਲਾ 15 ਅਗਸਤ 1947 ਤੋਂ ਲਗਾਤਾਰਤਾ ਨਾਲ ਜਾਰੀ ਹੈ ! ਇਹੋ ਜਿਹੀਆਂ ਘਾੜਤਾਂ ਕਿਹੜੇ ਦਫਤਰਾਂ ਵਿੱਚ ਘੜੀਆਂ ਜਾਂਦੀਆਂ ਹਨ ਜਾਂ ਕਿਹੜੇ ਲੋਕ ਘੜਦੇ ਹਨ ਇਹਨਾਂ ਵਾਰੇ ਸਿੱਖਾਂ ਨੂੰ ਕਦੇ ਵੀ ਪਤਾ ਨਹੀਂ ਚੱਲ ਸਕੇਗਾ ! ਸਾਡਾ ਅਸਲ ਦੁਸ਼ਮਣ ਹਮੇਸ਼ਾਂ ਪੜਦੇ ਦੇ ਪਿੱਛੇ ਰਹਿ ਕੇ ਸਾਡੀ ਪਿੱਠ ਉੱਤੇ ਹੀ ਵਾਰ ਕਰਦਾ ਹੈ ! ਕਿਸੇ ਵੀ ਸਿੱਖ ਨੇ ਕਦੇ ਵੀ ਆਰ ਐਸ ਐਸ ਅਤੇ ਭਾਰਤੀ ਖ਼ੂੰਖਾਰ ਅੱਤਵਾਦੀ ਏਜੰਸੀਆਂ ਦੀ ਗਤੀਵਿਧੀ ਕਿਤੇ ਸ਼ੋਸਲ ਮੀਡੀਆ ਉੱਪਰ ਵੇਖੀ ਸੁਣੀ ਹੋਵੇ ਤਾਂ ਸਾਨੂੰ ਦੱਸ ਸਕਦਾ ਹੈ ਅਤੇ ਇਹੀ ਲੋਕ ਸਾਡੇ ਅਸਲੀ ਦੁਸ਼ਮਣ ਹਨ ਜਿਹੜੇ ਦਿੱਲੀ ਅਤੇ ਨਾਗਪੁਰ ਤੋਂ ਸਿੱਖਾਂ ਦੇ ਕਤਲ ਕਰਨ ਤੋਂ ਲੈ ਕੇ ਸਿੱਖਾਂ ਨੂੰ ਆਪਸ ਵਿੱਚ ਲੜਾਉਣ ਸਿੱਖਾਂ ਵਿੱਚ ਭੰਬਲਭੂਸੇ ਪਾਉਣ ਸਿੱਖੀ ਤੋਂ ਦੂਰ ਕਰਨ ਸਿੱਖ ਬੱਚਿਆਂ ਨੂੰ ਮਨੋਵਿਗਿਆਨਕ ਢੰਗ ਨਾਲ ਸਿੱਖੀ ਤੋਂ ਦੂਰ ਕਰਨ ਸਿੱਖਾਂ ਨੂੰ ਧਾਰਮਿਕ ਰਾਜਨੀਤਿਕ ਆਰਥਿਕ ਸਮਾਜਿਕ ਸੱਭਿਆਚਾਕ ਜਾਣੀ ਹਰ ਪੱਖੋਂ ਕਮਜੋਰ ਕਰਨ ਦੀਆਂ ਘਾੜਤਾਂ ਘੜਦੇ ਹਨ ! ਇਹਨਾਂ ਹੀ ਸਿੱਖਾਂ ਦੇ ਅਸਲੀ ਦੁਸ਼ਮਣਾਂ ਦੀ ਉੱਪਜ ਸੀ ਕੰਵਰਪਾਲ ਸਿੰਘ ਗਿੱਲ ਬੁੱਚੜ ਅਤੇ ਇਹਨਾਂ ਹੀ ਸਿੱਖਾਂ ਦੇ ਦੁਸ਼ਮਣਾਂ ਦੀ ਉੱਪਜ ਹੈ ਡਿੱਕੀ ਗਿੱਲ ਪੰਜਾਬ ਪੁਲੀਸ ਦਾ ਸਾਬਕਾ ਮੁਖਬਰ ਅਤੇ ਟਾਊਟ ਜਿਸ ਨੇ ਸਰਬਜੋਤ ਸਿੰਘ ਮੱਕੜ ਨੂੰ ਅੱਧੇ ਕੁ ਘੰਟੇ ਦੀ ਇੰਟਰਵਿਊ ਦੇ ਕੇ ਸਿੱਖ ਹਲਕਿਆਂ ਵਿੱਚ ਹੜਕੰਪ ਮਚਾ ਦਿੱਤਾ ਹੈ ! ਇਹ ਵੀ ਗੁਰੂ ਦੀ ਕਲਾ ਹੀ ਵਰਤਦੀ ਹੈ , ਸਿੱਧੂ ਮੂਸੇਵਾਲੇ ਦੇ ਬਲਵਿੰਦਰ ਸਿੰਘ ਜਟਾਣੇ ਵਾਲੇ ਗਾਣੇ ਨੇ ਨਵੀਂ ਸਿੱਖ ਪੀਹੜੀ ਨੂੰ ਉੱਸ ਦੌਰ ਵਾਰੇ ਸਰਚ ਕਰਨ ਲਾ ਦਿੱਤਾ ਸੀ , ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਜੀ ਦੀ ਸ਼ਹੀਦੀ ਵਾਲੇ ਕਾਂਡ ਨੇ ਵੀ ਦੁਬਾਰਾ ਉੱਜਾਗਰ ਹੋ ਕੇ ਨਵੀਂ ਸਿੱਖ ਪੀਹੜੀ ਨੂੰ ਭਾਰਤੀ ਪੁਲੀਸ ਦੇ ਜ਼ੁਲਮਾਂ ਦੀ ਦਾਸਤਾਨ ਵਾਰੇ ਜਾਣੂ ਕਰਾਇਆ , ਇਸੇ ਤਰਾਂ ਡਿੱਕੀ ਗਿਲ ਦੀ ਇੰਟਰਵਿਊ ਨੇ ਵੀ ਕੇ ਪੀ ਐਸ ਗਿੱਲ ਬੁੱਚੜ ਅਤੇ ਸਾਬਕਾ ਕਾਂਗਰਸੀ ਪੰਜਾਬ ਦੇ ਮੁਖ ਮੰਤਰੀ ਬੇਅੰਤੇ ਬੁੱਚੜ ਦੀ ਜੋੜੀ ਵਲੋਂ ਭਾਰਤੀ ਹਿੰਦੂਤਵੀ ਜਾਲਮ ਅੱਤਵਾਦੀ ਬੁੱਚੜ ਸਰਕਾਰ ਦੇ ਹੁਕਮਾਂ ਉੱਤੇ ਪੰਜਾਬ ਵਿੱਚ ਕਰੀਬ ਤਿੰਨ ਸਾਲ ਸਿੱਖਾਂ ਦੇ ਖੇਡੇ ਸ਼ਿਕਾਰ , ਬਾਰਾਂ ਸਾਲ ਤੋਂ ਪੈਂਤੀ ਸਾਲ ਦੇ ਸਿੱਖ ਗੱਭਰੂਆਂ ਦੇ ਕੀਤੇ ਕਤਲ , ਕਤਲ ਕਰਕੇ ਉੱਹਨਾਂ ਦੀਆਂ ਲਾਸ਼ਾਂ ਨੂੰ ਨਹਿਰਾਂ ਦਰਿਆਵਾਂ ਵਿੱਚ ਰੋੜ੍ਹਨ ਜਾਂ ਅਣਪਛਤੀਆਂ ਕਹਿ ਕੇ ਸਾੜਨ ਵਰਗੀਆਂ ਘਟਨਾਵਾਂ ਨੂੰ ਦੁਬਾਰਾ ਸੁਰਜੀਤ ਕੀਤਾ ਹੈ ! ਉੱਸ ਦੌਰ ਵਿੱਚ ਪੁਲੀਸ ਹੀ ਸਰਕਾਰ ਵਕੀਲ ਅਤੇ ਜੱਜ ਹੁੰਦੀ ਸੀ ! ਪੰਜਾਬ ਪੁਲੀਸ ਕਿਸੇ ਨੂੰ ਵੀ ਕਿਤਿਉਂ ਵੀ ਕਿਸੇ ਵੀ ਸਿੱਖ ਨੂੰ ਚੁੱਕ ਕੇ ਮਾਰ ਸਕਦੀ ਸੀ , ਕਸੇ ਵੀ ਸਿੱਖ ਨੂੰ ਘਰੋਂ ਚੁੱਕ ਕੇ ਲਿਜਾ ਸਕਦੀ ਸੀ ਕੁੱਟ ਮਾਰ ਕਰ ਸਕਦੀ ਸੀ ਅਤੇ ਖਤਰਨਾਕ ਅੱਤਵਾਦੀ ਕਹਿ ਕੇ ਮਾਰ ਸਕਦੀ ਸੀ ! ਇੱਥੋਂ ਤੱਕ ਵੀ ਦਿੱਲੀ ਤੋਂ ਚੱਲਦੀ ਸਿੱਖਾਂ ਦੀ ਕਾਤਲ ਮਸ਼ੀਨ ਦੇ ਪੰਜਾਬ ਦੇ ਹਰ ਪੁਲੀਸ ਠਾਣੇ ਨੂੰ ਹੁਕਮ ਸਨ ਕਿ ਤੁਸੀਂ ਰੋਦਾਨਾ ਐਨੇ ਸਿੱਖ ਮਾਰਨੇ ਹੀ ਮਾਰਨੇ ਹਨ , ਜਿਹੜਾ ਠਾਣਾ ਮੁੱਖੀ ਸਿੱਖ ਨਹੀਂ ਮਾਰਦਾ ਸੀ ਕਈ ਵਾਰੀ ਉੱਸ ਨੂੰ ਵੀ ਮਾਰ ਦਿੱਤਾ ਜਾਂਦਾ ਸੀ ! ਇੱਕ ਸਿੱਖ ਨੂੰ ਛਡਾਉਣ ਲਈ ਰੇਟ ਇੱਕ ਹਜਾਰ ਰੁਪਏ ਤੋਂ ਸ਼ੁਰੂ ਹੋ ਕੇ ਇੱਕ ਲੱਖ ਰੁਪਏ ਤੱਕ ਚਲਾ ਗਿਆ ਸੀ ! ਕਿਸੇ ਵੀ ਸਿੱਖ ਮੁੰਡੇ ਨੂੰ ਕਿਤਿਉਂ ਵੀ ਪੁਲੀਸ ਚੁੱਕਦੀ ਸੀ , ਉੱਸ ਦੇ ਪਰਿਵਾਰ ਨੂੰ ਕਹਿੰਦੀ ਸੀ ਕਿ ਐਨੇ ਰੁਪਏ ਦਿਉ ਅਤੇ ਮੁੰਡਾ ਛਡਵਾ ਲਉ , ਅਗਰ ਮਾੜੀ ਕਿਸਮਤ ਨੂੰ ਕਿਸੇ ਪਰਿਵਾਰ ਕੋਲੋਂ ਪੈਸਿਆਂ ਦਾ ਇੰਤਜਾਮ ਨਾ ਹੋਇਆ ਤਾਂ ਉੱਹਨਾਂ ਦੇ ਮੁੰਡੇ ਦੀ ਅਗਲੇ ਦਿਨਾਂ ਅਖਬਾਰ ਵਿੱਚ ਖਬਰ ਆ ਜਾਂਦੀ ਸੀ ਕਿ ਪੁਲੀਸ ਨਾਲ ਮੁੱਠ ਭੇੜ ਵਿੱਚ ਖਤਰਨਾਕ ਅੱਤਵਾਦੀ ਮਾਰਿਆ ਗਿਆ ! ਠਾਣਿਆਂ ਦੀਆਂ ਹਵਾਲਾਤਾਂ ਵਿੱਚੋਂ ਰਾਤਾਂ ਨੂੰ ਕੱਢ ਕੇ ਸਿੱਖ ਮੁੰਡਿਆਂ ਨੂੰ ਕਿਸੇ ਪੁਲ ਕਿਸੇ ਨਹਿਰ ਅਤੇ ਦਰਿਆ ਦੇ ਕੰਢੇ ਉੱਤੇ ਲਿਜਾ ਕੇ ਵੀ ਮਾਰ ਦਿੱਤਾ ਜਾਂਦਾ ਸੀ ! ਜਿਲ੍ਹਿਆਂ ਦੇ ਪੁਲੀਸ ਮੁਖੀਆਂ ਨੇ ਆਪਣੀਆਂ ਆਪਣੀਆਂ ਪ੍ਰਾਈਵੇਟ ਸੈਨਾਵਾਂ ਜਿਵੇਂ ਕਿ ਐਸ ਐਸ ਪੀ ਇਜਾਹਰ ਆਲਮ ਦੀ ਆਲਮ ਸੈਨਾ ਸੀ ਇਸੇ ਤਰਾਂ ਵਿਰਕ ਸੈਨਾ ਅਤੇ ਹੋਰ ਸੈਨਾਵਾਂ ਸਨ ! ਇਹ ਸੈਨਾਵਾਂ ਨੂੰ ਕਾਲੇ ਸ਼ੀਸ਼ਿਆਂ ਵਾਲੀਆਂ ਕਾਰਾਂ ਮਿਲੀਆਂ ਹੁੰਦੀਆਂ ਸਨ ਉੱਹ ਕਿਸੇ ਵੀ ਸਿੱਖ ਹਿੰਦੂ ਮੁਸਲਮਾਨ ਇਸਾਈ ਮੁੰਡੇ ਨੂੰ ਚੁੱਕ ਸਕਦੀ ਸੀ ਅੱਤਵਾਦੀ ਕਹਿ ਕੇ ਮਾਰ ਸਕਦੀ ਸੀ ਫੜ ਕੇ ਠਾਣੇ ਦੇ ਸਕਦੀ ਸੀ ਲੁੱਟਾਂ ਖੋਹਾਂ ਕਰ ਸਕਦੀ ਸੀ ਅਤੇ ਪੰਜਾਬ ਦੀਆਂ ਧੀਆਂ ਭੈਣਾਂ ਅਤੇ ਮਾਤਾਵਾਂ ਦਾ ਬਲਾਤਕਾਰ ਤੱਕ ਵੀ ਕਰ ਸਕਦੀ ਸੀ ! ਕਿਸੇ ਵੀ ਸਿੱਖ ਮੁੰਡੇ ਨੂੰ ਤੜਕੇ ਚਾਰ ਕੁ ਵਜੇ ਘਰਾਂ ਤੋਂ ਸੁੱਤਿਆਂ ਨੂੰ ਵੀ ਚੁੱਕ ਲੈਂਦੀ ਸੀ , ਅਗਰ ਕੋਈ ਮੂੰਡਾ ਘਰੋਂ ਨਾ ਮਿਲਿਆ ਤਾਂ ਉੱਸਦੇ ਪਿਓ ਭਰਾ ਮਾਂ ਭੈਣ ਧੀ ਭਰਜਾਈ ਘਰਵਾਲੀ ਤਾਚੇ ਤਾਏ ਕਿਸੇ ਨੂ ਜਬਰੀ ਚੁੱਕ ਕੇ ਠਾਣੇ ਲਿਜਾ ਸਕਦੀ ਸੀ ! ਇਹ ਦਾਸਤਾਨ ਬਹੁਤ ਹੀ ਲੰਬੀ ਅਤੇ ਦੁੱਖਦਾਈ ਵੀ ਹੈ ! ਇਸ ਸਭ ਕੁੱਝ ਦੇ ਵਾਪਰਨ ਦਾ ਇੱਕੋ ਇੱਕ ਮੁੱਖ ਕਾਰਨ ਹੈ ਕਿ ਭਾਰਤ ਹਿੰਦੋਸਤਾਨ ਇੰਡੀਆ ਹਿੰਦੂਸ਼ੈਤਾਨ ਰੇਪਿਸਤਾਨ ਲਈ ਸਾਡਾ ਸਿੱਖ ਹੋਣਾ ਹੀ ਇੱਕ ਖਤਰਨਾਕ ਜੁਰਮ ਹੈ , ਸਿੱਖ ਵਿਚਾਰਧਾਰ ਹਿੰਦੂ ਛਲ ਕਪਟੀ ਵਿੱਚਾਰਧਾਰਾ ਉੱਪਰ ਚੋਟ ਕਰਦੀ ਹੈ ! ਬਾਕੀ ਹੁਣ ਖਾੜਕੂ ਪੱਖ ਵੀ ਵੇਖ ਲਓ ! ਸਿੱਖ ਬੜੇ ਆਰਾਮ ਨਾਲ ਆਪਣਾ ਜੀਵਨ ਨਿਰਵਾਹ ਕਰ ਰਹੇ ਸਨ , ਭਾਰਤ ਸਰਕਾਰ ਨੇ 1978 ਦਾ ਨਿਰੰਕਾਰੀ ਕਾਂਡ ਕਰਵਾਇਆ , 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਜੀ ਸ੍ਰੀ ਅਕਾਲ ਸਾਹਿਬ ਜੀ ਸਮੇਤ ਸੈਂਤੀ ਹੋਰ ਗੁਰਦਵਾਰੇ ਟੈਂਕਾਂ ਤੋਪਾਂ ਢਾਹੇ ਹਜਾਰਾਂ ਸਿੱਖ ਸਿੱਖਣੀਆਂ ਕਤਲ ਕੀਤੇ ! ਨਵੰਬਰ ਉੱਨੀ ਸੌ ਚੌਰਾਸੀ ਵਿੱਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਤ ਭਾਰਤੀ ਹਿੰਦੂ ਅੱਤਵਾਦੀ ਭੀੜਾਂ ਨੇ ਭਾਰਤ ਦੇ ਤਿੰਨ ਸੌ ਤੋਂ ਉੱਪਰ ਸ਼ਹਿਰਾਂ ਵਿੱਚ ਕਰੀਬ ਪੰਜਾਹ ਹਜਾਰ ਸਿੱਖ ਮਾਰਿਆ ਗੁਰਦਵਾਰੇ ਸਾੜੇ ਅਤੇ ਢਾਹੇ ਗੁਰੂ ਗਰੰਥ ਸਾਹਿਬ ਜੀ ਦੇ ਸਵਰੂਪ ਸਾੜੇ ਅਤੇ ਠੁੱਡੇ ਮਾਰ ਮਾਰ ਕੇ ਬੇਅਦਵੀ ਕੀਤੀ ! ਇਹਨਾਂ ਸਭ ਘਟਨਾਵਾਂ ਦਾ ਬਦਲਾ ਲੈਣ ਲਈ ਅਸੀਂ ਅਤੇ ਸਾਡੇ ਭਰਾਵਾਂ ਨੇ ਇੰਦਰਾ ਗਾਂਧੀ ਜਨਰਲ ਵੈਦਿਆ ਲਲਿਤ ਮਾਕਨ ਅਰਜਨ ਦਾਸ ਬੇਅੰਤਾ ਬੁੱਚੜ ਗੱਡੀ ਚਾਹੜੇ , ਹੋਮਗਾਰਡੀਆਂ ਤੋਂ ਲੈ ਕੇ ਡੀ ਜੀ ਪੀ ਤੱਕ ਗੱਡੀ ਚਾਹੜੇ ਬੈਂਕਾਂ ਲੱਟੀਆਂ ਬੰਬ ਧਮਾਕੇ ਕੀਤੇ ਅਤੇ ਜੋ ਕੁੱਝ ਵੀ ਸਿੱਖ ਧਰਮ ਦੇ ਘੇਰੇ ਵਿੱਚ ਰਹਿ ਕੇ ਹੋ ਸਕਦਾ ਸੀ ਉੱਹ ਕੀਤਾ ! ਕਿਸੇ ਵੀ ਖਾੜਕੂ ਸਿੰਘ ਨੇ ਕਿਸੇ ਦਾ ਬਲਾਤਕਾਰ ਨਹੀਂ ਕੀਤਾ ਕਿਸੇ ਤੋਂ ਫਰੌਤੀ ਨਹੀਂ ਲਈ ਕੋਈ ਨਜਾਇਜ ਕਤਲ ਨਹੀਂ ਕੀਤਾ ਇਹ ਕੰਮ ਲੁੱਟਾਂ ਖੋਹਾਂ ਕਰਨ ਵਾਲੇ ਗਰੁੱਪਾਂ ਦਾ ਸਰਕਾਰੀ ਬੰਦਿਆਂ ਦੇ ਕੰਮ ਸਨ ! ਬਾਕੀ ਖਾਲਸਾ ਜੀ ਇਹ ਸਿੱਖਾਂ ਅਤੇ ਭਾਰਤ ਸਰਕਾਰ ਦੀ ਜੰਗ ਸੀ ! ਇਹ ਗਦਾਰ ਸਿੱਖਾਂ ਵਲੋਂ ਅਤੇ ਸਟਾਰਾਂ ਤਰੱਕੀਆਂ ਅਤੇ ਪੈਸੇ ਦੇ ਲਾਲਚ ਵਿੱਚ ਹਲਕੇ ਹੋਏ ਸਿੱਖ ਪੁਲੀਸ ਵਾਲੇ ਕੁਤਿਆਂ ਨੇ ਖਤਮ ਕਰਵਾਈ ! ਬਹੁਤ ਸਿੱਖ ਹਿੰਦੂ ਮੁਸਲਮਾਨ ਪੁਲੀਸ ਵਾਲੇ ਚੰਗੇ ਵੀ ਸਨ , ਸਾਡੀ ਮਦਦ ਵੀ ਕਰਦੇ ਸਨ ਕਈ ਵਾਰੀ ਸਾਨੂੰ ਵੀ ਸਰਕਾਰੀ ਸੂਹਾਂ ਅਤੇ ਰੌਂਦਾਂ ਤੱਕ ਵੀ ਦੇ ਦਿੰਦੇ ਸਨ ! ਬਾਕੀ ਕੇ ਪੀ ਐਸ ਗਿੱਲ ਅਤੇ ਮੁੱਖ ਮੰਤਰੀ ਬੇਅੰਤ ਸਿੰਘ ਬੁੱਚੜ ਜਾਲਮ ਦਰਿੰਦੇ ਨਿਰਦਈ ਅਤੇ ਦੁਸ਼ਟ ਸਨ ਜਿਹਨਾ ਨੇ ਹਿੰਦੂਵਾਦੀਆਂ ਦੇ ਹੱਥ ਠੋਕੇ ਬਣ ਕੇ ਆਪਣੇ ਖਾਨਦਾਨ ਵੀ ਕਲੰਕਿਤ ਕਰ ਲਏ ! ਬਾਕੀ ਚੱਲਦੀ ਜੰਗ ਵਿੱਚ ਕੁੱਝ ਸਾਡਿਆਂ ਵਲੋਂ ਨਾਮਮਾਤਰ ਗਲਤੀਆਂ ਵੀ ਹੋਈਆਂ ਹੋਣਗੀਆਂ ਪਰ ਡਿੱਕੀ ਗਿੱਲ ਵਰਗੇ ਸਰਕਾਰੀ ਦੱਲਿਆਂ ਦੀ ਸਾਨੂੰ ਕੋਈ ਪਰਵਾਹ ਵੀ ਨਹੀਂ ਹੈ ! ਅਸੀਂ ਆਪਣੇ ਮਿਸ਼ਨ ਤੇ ਤੁਰੇ ਹੋਏ ਹਾਂ ਸੀਸ ਤਲੀ ਉੱਪਰ ਰੱਖ ਕੇ ! ਸਿੱਖ ਕੌਮ ਚੜ੍ਹਦੀ ਕਲਾ ਵਿੱਚ ਰਹੇ ! ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰੋ ਧੀਓ , ਅੰਮ੍ਰਿਤਧਾਰੀ ਹੋ ਕੇ ਜੀਓ ! ਭੁੱਲਾਂ ਚੁੱਕਾਂ ਦੀ ਖਿਮਾਂ ਬਖਸ਼ਣੀ ਜੀ !



**- ਹਰਪ੍ਰੀਤ ਸਿੰਘ ਪੰਮਾ (ਅਸਟਰੀਆ)**

ਤੀਸਰੇ ਘੱਲੂਘਾਰੇ ਦੌਰਾਨ ਹੋਏ ਸਹੀਦਾਂ ਸਿੰਘਾ ਦੀ ਯਾਦ ਵਿੱਚ

# ਦਮਦਮੀ ਟਕਸਾਲ ਵੱਲੋਂ ਪਿੰਡ ਉਦੋ ਨੰਗਲ ਵਿਖੇ ਦੀਵਾਨ ਸਜਾਇਆ ਗਿਆ

## ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਵੱਡੀ ਗਿਣਤੀ ਵਿਚ ਜੁੜ ਬੈਠੀਆ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ



























**ਚੌਕ ਮਹਿਤਾ, 20 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ ਜੂਨ '84 ਦੇ ਤੀਸਰਾ ਘੱਲੂਘਾਰਾ ਦੌਰਾਨ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਤੇ ਭੁਚੰਗੀਆਂ ਦੀ ਯਾਦ ਨੂੰ ਸਮਰਪਿਤ ਵੱਖ ਵੱਖ ਨਗਰਾਂ ਵਿਚ ਕਥਾ-ਕੀਰਤਨ ਸਮਾਗਮ ਕੀਤੇ ਜਾ ਰਹੇ ਹਨ।ਜਿਸ ਦੇ ਚਲਦਿਆਂ ਅੱਜ ਪਿੰਡ ਉਦੋ ਨੰਗਲ ਗੁਰਦੁਆਰਾ ਬਾਬਾ ਜੀਵਨ ਸਿੰਘ ਸਾਹਿਬ ਜੀ ਵਿੱਖੇ ਸ਼ਾਮ ਵੇਲੇ ਦਾ ਧਾਰਮਿਕ ਦੀਵਾਨ ਸਜਾਇਆ ਗਿਆ। ਜਿਸ ਵਿਚ ਦਮਦਮੀ ਟਕਸਾਲ ਦੇ ਹਜੂਰੀ ਰਾਗੀ ਭਾਈ ਲਵਪਰੀਤ ਸਿੰਘ ਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰਵਾਇਆ। ਉਪਰੰਤ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਵੱਡੀ ਗਿਣਤੀ ਵਿਚ ਜੁੜ ਬੈਠੀਆ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਉਪਰੰਤ ਪੰਜਵੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਤਹਾਸ ਪਵਿੱਤਰ ਪਾਵਨ ਗ੍ਰੰਥ ਸੂਰਜ ਪਰਕਾਸ਼ ਵਿੱਚੋਂ ਸੰਗਤਾਂ ਨੂੰ ਸਰਵਨ ਕਰਾਇਆ। ਪੋਥੀ ਸਾਹਿਬ ਜੀ ਦਾ ਜਾਪੁ ਭਾਈ ਸਤਨਾਮ ਸਿੰਘ ਖਾਲਸਾ ਨੇ ਕੀਤਾ,ਦੀਵਾਨ ਦੀ ਸਮਾਪਤੀ ਮੌਕੇ ਪ੍ਰਬੰਧਕਾਂ ਦੇ ਵੱਲੋਂ ਵਿਸ਼ੇਸ਼ ਰੂਪ ਵਿਚ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਗਿਆਨੀ ਖਾਲਸਾ ਨੇ ਸੰਗਤ ਨੂੰ ਖਾਸ ਕਰਕੇ ਨੌਜਵਾਨਾਂ ਨੂੰ ਦਾੜ੍ਹੀ ਕੇਸ ਰੱਖਣ, ਅੰਮ੍ਰਿਤ ਛੱਕਣ ਤੇ ਸਿੰਘ ਸੱਜਣ ਲਈ ਪ੍ਰੇਰਿਤ ਕੀਤਾ। ਜਿਕਰਯੋਗ ਹੈ ਕਿ ਹਰ ਸਾਲ ਦੀ ਤਰਾਂ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਯੋਗ ਅਗਵਾਈ ਵਿਚ ਜੂਨ 1984 ਦਾ ਤੀਸਰੇ ਘੱਲੂਘਾਰੇ ਦੇ ਸ਼ਹੀਦਾਂ ਦੀ ਮਿੱਠੀ ਯਾਦ ਨੂੰ ਸਮਰਪਿਤ 41ਵਾਂ ਮਹਾਨ ਸ਼ਹੀਦੀ ਸਮਾਗਮ ਦਮਦਮੀ ਟਕਸਾਲ ਦੇ ਹੈਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਅੰਤਰਰਾਸ਼ਟਰੀ ਪੱਧਰ ਤੇ ਮਨਾਇਆ ਜਾ ਰਿਹਾ ਹੈ। ਜਿਸ ਤਹਿਤ 1 ਮਈ ਤੋਂ 31 ਮਈ ਤਕ ਰੋਜਾਨਾ ਵੱਖ ਵੱਖ ਨਗਰਾਂ ਵਿਚ ਸ਼ਹੀਦੀ ਦੀਵਾਨ ਸਜਾਏ ਜਾ ਰਹੇ ਹਨ। ਇਸ ਸਮੇਂ ਮੰਚ ਸੰਚਾਲਨ ਦੀ ਸੇਵਾ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਵੱਲੋਂ ਨਿਭਾਈ ਗਈ। ਇਸ ਦੌਰਾਨ ਬਹੁਤ ਗਿਣਤੀ ਵਿੱਚ ਸੰਗਤਾਂ ਨੇ ਹਾਜਰੀਆ ਭਰੀਆਂ, ਇਸ ਮੌਕੇ ਤੇ ਪਿੰਡ ਉਦੋ ਨੰਗਲ ਦੀ ਪੰਚਾਇਤ, ਗੁਰਦੁਆਰਾ ਸਾਹਿਬ ਦੀ ਪ੍ਰਬੰਦਕ ਕਮੇਟੀ ਹੈਡ ਗਰੰਥੀ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਤੇ ਸਮੂਹ ਮੈਬਰ ਅਤੇ ਸੰਗਤਾਂ ਨੇ ਹਾਜਰੀਆ ਭਰੀਆਂ। ਇਸ ਮੌਕੇ ਤੇ ਸੰਤ ਬਾਬਾ ਗੁਰਦੀਪ ਸਿੰਘ ਗੁਰਦੁਆਰਾ ਟਾਹਲਾ ਸਾਹਿਬ ਨਹਿਰ ਪੁੱਲ ਤਰਸਿੱਕਾ, ਸੰਤ ਬਾਬਾ ਮਲਕੀਅਤ ਸਿੰਘ ਜਬੋਵਾਲ, ਭਾਈ ਤੇਜਬੀਰ ਸਿੰਘ ਭਲਾਈ ਪੁਰ, ਸਰਪੰਚ ਰਜਿੰਦਰ ਸਿੰਘ ਉਦੋ ਨੰਗਲ,ਗੁਰਮੁੱਖ ਸਿੰਘ ਸੀਬਾ ਉਦੋ ਨੰਗਲ, ਜਥੇਦਾਰ ਰਾਜਬੀਰ ਸਿੰਘ ਉਦੋ ਨੰਗਲ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ) ਗੁਰਪ੍ਰੀਤ ਸਿੰਘ ਵੈਦ ਗੁਰਦੁਆਰਾ ਰਾਮ ਥੰਮਨ ਖੁਜਾਲਾ, ਜਥੇਦਾਰ ਬਾਬਾ ਬੋਹੜ ਸਿੰਘ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਗਿਆਨੀ ਸੁਖਦੇਵ ਸਿੰਘ, ਜਥੇਦਾਰ ਬਾਬਾ ਬੋਹੜ ਸਿੰਘ, ਪਰੋਫੈਸਰ ਜੋਬਨਜੀਤ ਸਿੰਘ ਦਮਦਮੀ ਟਕਸਾਲ, ਭਾਈ ਭਾਗ ਸਿੰਘ ਦਮਦਮੀ ਟਕਸਾਲ, ਤਰਨਾ ਦੱਲ ਮਹਿਤਾ ਦੇ ਮੁੱਖੀ ਜਥੇਦਾਰ ਅਜੀਤ ਸਿੰਘ, ਹੈਡ ਗਰੰਥੀ ਗਿਆਨੀ ਗੁਰਦੀਪ ਸਿੰਘ ਦਮਦਮੀ ਟਕਸਾਲ, ਭਾਈ ਨਿਰਮਲ ਸਿੰਘ ਦਮਦਮੀ ਟਕਸਾਲ,ਸਰਪੰਚ ਕਸ਼ਮੀਰ ਸਿੰਘ ਕਾਲ਼ਾ, ਭਾਈ ਨਰਿੰਦਰ ਸਿੰਘ ਦਮਦਮੀ ਟਕਸਾਲ, ਸਰਪੰਚ ਹਰਜਿੰਦਰ ਸਿੰਘ ਜੱਜ,ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਕਿਰਤੀ ਕਿਸਾਨ ਯੂਨੀਅਨ ਬਲਾਕ ਬਾਘਾਪੁਰਾਣਾ ਨੇ

# ਨਹਿਰ ਦੇ ਪੁਲ ਉੱਪਰ ਪੱਕਾ ਮੋਰਚਾ



**ਬਾਘਾਪੁਰਾਣਾ, 20 ਮਈ (ਆਵਾਜ਼ਿ ਕੌਮ ਬਿਊਰੋ)**- ਕਿਰਤੀ ਕਿਸਾਨ ਯੂਨੀਅਨ ਬਲਾਕ ਬਾਘਾਪੁਰਾਣਾ ਨੇ ਪੇਂਡੂ ਮਜ਼ਦੂਰ ਯੂਨੀਅਨ, ਨੌਜਵਾਨ ਭਾਰਤ ਸਭਾ ਤੇ ਦੋਨਾਂ ਪਿੰਡਾਂ ਦੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬਲਾਕ ਪ੍ਰਧਾਨ ਅਜਮੇਰ ਸਿੰਘ ਛੋਟਾਘਰ ਦੀ ਅਗਵਾਈ ਹੇਠ ਅਬੋਹਰ ਬ੍ਰਾਂਚ ਨਹਿਰ ਦੇ ਪੁਲ ਉੱਪਰ ਪੱਕਾ ਮੋਰਚਾ ਲਗਾ ਦਿੱਤਾ ਹੈ।ਇਸ ਬਾਰੇ ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਤੇ ਜ਼ਿਲ੍ਹਾ ਪ੍ਰੈਸ ਸਕੱਤਰ ਜਸਮੇਲ ਸਿੰਘ ਰਾਜਿਆਣਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਾਘਾਪੁਰਾਣਾ ਦੇ ਮੰਡੀ ਬੋਰਡ ਵਿਭਾਗ ਵੱਲੋਂ ਜੋ ਰਾਜਿਆਣਾ – ਵੈਰੋਕੇ ਦੇ ਵਿਚਕਾਰ ਅਬੋਹਰ ਬ੍ਰਾਂਚ ਨਹਿਰ ਲੰਘਦੀ ਹੈ, ਉਸ ਉੱਪਰ ਨਵੇਂ ਪੁਲ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਪ੍ਰੰਤੂ ਨਿਰਮਾਣ ਤੋਂ ਪਹਿਲਾਂ ਜੋ ਪੁਰਾਤਨ ਪੁਲ ਬਣਿਆ ਹੋਇਆ ਹੈ, ਉਸ ਨੂੰ ਮੰਡੀ ਬੋਰਡ ਵਿਭਾਗ ਢਾਹੁਣ ਜਾ ਰਿਹਾ ਹੈ ਤੇ ਲੋਕਾਂ ਲਈ ਲੰਘਣ ਲਈ ਕੋਈ ਰਸਤੇ ਦਾ ਪ੍ਰਬੰਧ ਨਹੀਂ ਕੀਤਾ ਜਾ ਰਿਹਾ। ਇਸ ਮੌਕੇ ਜ਼ਿਲ੍ਹਾ ਸਕੱਤਰ ਚਮਕੌਰ ਸਿੰਘ ਰੋਡੇਖੁਰਦ, ਜ਼ਿਲ੍ਹਾ ਪ੍ਰੈਸ ਸਕੱਤਰ, ਯੂਥ ਆਗੂ ਬਲਕਰਨ ਸਿੰਘ ਵੈਰੋਕੇ, ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਮੰਗਾ ਸਿੰਘ ਵੈਰੋਕੇ ਨੇ ਨਹਿਰ ਦੇ ਪੁਲ ਉੱਪਰ ਲੱਗੇ ਮੋਰਚੇ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਨਵੇਂ ਪੁਲ ਦੇ ਨਿਰਮਾਣ ਨੂੰ ਲੈ ਕੇ ਅਤੇ ਪੁਰਾਣੇ ਪੁਲ ਨੂੰ ਢਾਹੁਣ ਕਰਕੇ ਮੰਡੀ ਬੋਰਡ ਵਿਭਾਗ ਦੇ ਅਧਿਕਾਰੀਆਂ ਤੇ ਪੁਲਿਸ ਪ੍ਰਸ਼ਾਸਨ ਵਲੋਂ ਇਸ ਦੇ ਸਬੰਧ ਵਿੱਚ ਅਨੇਕਾਂ ਵਾਰ ਮੀਟਿੰਗਾਂ ਕੀਤੀਆਂ ਗਈਆਂ ਹਨ, ਪ੍ਰੰਤੂ ਮਸਲਾ ਉੱਥੇ ਦਾ ਉੱਥੇ ਹੀ ਖੜ੍ਹਾ ਹੈ।ਆਗੂਆਂ ਨੇ ਆਖਿਆ ਕਿ ਰਾਜਿਆਣਾ ਤੇ ਵੈਰੋਕੇ ਵਿਚਕਾਰ ਅਬੋਹਰ ਬ੍ਰਾਂਚ ਨਹਿਰ ਲੰਘਦੀ ਹੈ ਤੇ ਉਸ ਉੱਪਰ ਪੁਰਾਤਨ ਪੁਲ ਬਣਿਆ ਹੋਇਆ ਹੈ। ਇਸੇ ਪੁਰਾਣੇ ਪੁਲ ਦੇ ਬਿਲਕੁਲ ਵਿਚਕਾਰ ਪਿੱਲਰ ਲਗਾ ਕੇ ਮੰਡੀ ਬੋਰਡ ਵਿਭਾਗ ਵੱਲੋਂ ਨਵਾਂ ਪੁਲ ਉਸਾਰਿਆ ਜਾ ਰਿਹਾ ਹੈ,ਜੋ ਕਿ ਬਿਲਕੁਲ ਗ.ਲਤ ਨਕਸ਼ੇ ਮੁਤਾਬਿਕ ਬਣਾਇਆ ਜਾ ਰਿਹਾ ਹੈ,ਤੇ ਪੁਰਾਤਨ ਪੁਲ ਨੂੰ ਢਾਹੁਣ ਲਈ ਪੱਬਾਂ ਭਾਰ ਹੋਏ ਫਿਰਦੇ ਹਨ, ਜਿਸ ਵਿੱਚ ਮੰਡੀ ਬੋਰਡ ਵਿਭਾਗ ਪੁਲਿਸ ਪ੍ਰਸ਼ਾਸਨ ਦਾ ਸਹਾਰਾ ਲੈ ਕੇ ਪਹਿਲਾਂ ਪੁਰਾਤਨ ਪੁਲ ਨੂੰ ਢਾਹੁਣਾ ਚਾਹੁੰਦੇ ਹਨ। ਇਸ ਪੁਲ ਉੱਪਰੋਂ ਰਾਜਿਆਣਾ ਤੇ ਵੈਰੋਕੇ ਦੇ ਨਗਰ ਨਿਵਾਸੀਆਂ, ਸਕੂਲਾਂ ਦੀਆਂ ਬੱਸਾਂ, ਟੈਂਪੂ, ਬੱਸਾਂ ਤੇ ਹੋਰ ਨਾਲ ਲਗਦੇ ਪਿੰਡਾਂ ਦੇ ਲੋਕ ਲੰਘਦੇ ਹਨ, ਉਹਨਾਂ ਦੀ ਇਹ ਮੰਗ ਹੈ ਕਿ ਨਵੇਂ ਪੁਲ ਦੇ ਨਿਰਮਾਣ ਤੋਂ ਪਹਿਲਾਂ ਲੰਘਣ ਲਈ ਰਸਤੇ ਦਾ ਪ੍ਰਬੰਧ ਕੀਤਾ ਜਾਵੇ, ਤੇ ਪੁਲ ਦੇ ਨਕਸ਼ੇ ਨੂੰ ਥੋੜ੍ਹਾ ਬਦਲ ਕੇ ਪੁਰਾਤਨ ਪੁਲ ਨੂੰ ਵੀ ਢਾਹੁਣ ਤੋਂ ਬਚਾਇਆ ਜਾਵੇ, ਲੇਕਿਨ ਮੰਡੀ ਬੋਰਡ ਵਿਭਾਗ ਦੇ ਅਧਿਕਾਰੀ ਨਵੇਂ ਪੁਲ ਦੇ ਨਿਰਮਾਣ ਤੋਂ ਪਹਿਲਾਂ ਪੁਰਾਣੇ ਪੁਲ ਨੂੰ ਢਾਹੁਣਾ ਚਾਹੁੰਦੇ ਹਨ,ਜੋ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਰਾਜਿਆਣਾ ਦੀ ਜ਼ਮੀਨ ਵੈਰੋਕਿਆਂ ਵਾਲੀ ਸਾਈਡ ਹੈ, ਤੇ ਝੋਨੇ ਦਾ ਸੀਜ਼ਨ ਸ਼ੁਰੂ ਹੋਣ ਵਾਲਾ ਹੈ, ਜਿਸ ਕਾਰਨ ਕਿਸਾਨਾਂ ਨੂੰ, ਸਵਾਰੀਆਂ ਵਾਲੇ ਸਾਧਨਾਂ ਨੂੰ,ਸਕੂਲੀ ਬੱਸਾਂ ਨੂੰ ਤੇ ਤਕਰੀਬਨ 28 ਪਿੰਡਾਂ ਦੇ ਲੋਕਾਂ ਨੂੰ ਲੰਘਣ ਲਈ ਭਾਰੀ ਮੁਸ਼ਕਿਲ ਆਵੇਗੀ, ਸਕੂਲ ਦੇ ਬੱਚਿਆਂ ਤੋਂ ਬੱਸਾਂ ਦਾ ਵੱਧ ਕਿਰਾਇਆ ਵਸੂਲਿਆ ਜਾਵੇਗਾ, ਜੇਕਰ ਕਿਸੇ ਹੋਰ ਪਾਸੇ ਦੇ ਲੰਘੇ ਤਾਂ, ਬੱਚਿਆਂ ਨੂੰ ਮਾਪਿਆਂ ਵਲੋਂ ਇੱਕ ਘੰਟਾ ਪਹਿਲਾਂ ਤਿਆਰ ਕਰਨਾ ਪਵੇਗਾ, ਇਸਦੇ ਨਾਲ ਬਠਿੰਡਾ ਤੋਂ ਬਾਘਾਪੁਰਾਣਾ ਤੱਕ ਲੋਕ ਇਸੇ ਰਸਤੇ ਲੰਘਦੇ ਹਨ। ਮੰਡੀ ਬੋਰਡ ਵਿਭਾਗ ਵੱਲੋਂ ਪੁਲ ਦਾ ਨਿਰਮਾਣ ਤਾਂ ਅਜੇ ਤੱਕ ਕੀਤਾ ਨਹੀਂ, ਪ੍ਰੰਤੂ ਪੁਲ ਦੇ ਉੱਪਰ ਉਸਾਰੀ ਦੀ ਤਰੀਕ ਤੋਂ ਲੈਕੇ ਨਿਰਮਾਣ ਮੁਕੰਮਲ ਤੱਕ ਦੇ ਬੋਰਡ ਲਗਾਏ ਗਏ ਹਨ,ਜੋ ਕਿ ਗ.ਲਤ ਹਨ, ਸਾਨੂੰ ਲੱਗਦਾ ਹੈ ਕਿ ਇਸ ਨਵੇਂ ਬਣ ਰਹੇ ਪੁਲ ਵਿੱਚ ਬਹੁਤ ਵੱਡੀ ਘਪਲੇਬਾਜ਼ੀ ਕੀਤੀ ਗਈ ਹੈ, ਜਿਸ ਦੀ ਅਸੀਂ ਜਾਂਝ ਕਰਨ ਦੀ ਮੰਗ ਕਰਦੇ ਹਾਂ, ਜੇਕਰ ਸਾਡੀ ਮੰਗ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਕਿਰਤੀ ਕਿਸਾਨ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ, ਨੌਜਵਾਨ ਭਾਰਤ ਸਭਾ ਤੇ ਦੋਨਾਂ ਪਿੰਡਾਂ ਦੇ ਨਗਰ ਨਿਵਾਸੀਆਂ ਵੱਲੋਂ ਧਰਨੇ ਦੌਰਾਨ ਮੰਡੀ ਬੋਰਡ ਵਿਭਾਗ ਨੂੰ ਚਿਤਾਵਨੀ ਦਿੰਦਿਆਂ ਆਖਿਆ ਕਿ ਜੇਕਰ ਸਾਡੇ ਲੰਘਣ ਲਈ ਰਸਤਾ ਨਾ ਦਿੱਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਔਰਤ ਵਿੰਗ ਦੇ ਜ਼ਿਲ੍ਹਾ ਕਨਵੀਨਰ ਛਿੰਦਰਪਾਲ ਕੌਰ ਰੋਡੇਖੁਰਦ, ਮੀਤ ਪ੍ਰਧਾਨ ਮੋਹਲਾ ਸਿੰਘ, ਸਕੱਤਰ ਲਖਵੀਰ ਸਿੰਘ ਰੋਡੇ,ਸਹਿ ਸਕੱਤਰ ਬਲਜੀਤ ਸਿੰਘ, ਸਾਧੂ ਸਿੰਘ ਲੰਡੇ, ਬੂਟਾ ਸਿੰਘ, ਕੁਲਵੰਤ ਸਿੰਘ, ਹਰਜੀਤ ਸਿੰਘ, ਸਰਪੰਚ ਪ੍ਰਗਟ ਸਿੰਘ, ਸਾਬਕਾ ਸਰਪੰਚ ਨਿਰਮਲ ਸਿੰਘ, ਕੇਵਲ ਸਿੰਘ, ਬੀਕੇਯੂ ਕ੍ਰਾਂਤੀਕਾਰੀ ਪੰਜਾਬ ਦੇ ਮਾਸਟਰ ਸੁਰਜੀਤ ਸਿੰਘ, ਨੌਜਵਾਨ ਭਾਰਤ ਸਭਾ ਦੇ ਬ੍ਰਿਜ ਲਾਲ, ਗੁਰਪ੍ਰੀਤ ਸਿੰਘ, ਸੁਰਜੀਤ ਸਿੰਘ, ਸੇਵਕ ਸਿੰਘ, ਗੁਰਸੇਵਕ ਸਿੰਘ, ਹਰਪ੍ਰੀਤ ਸਿੰਘ, ਫਤਿਹ ਸਿੰਘ, ਸੁਖਜਿੰਦਰ ਸਿੰਘ ਵੈਰੋਕੇ, ਨਿਰਮਲ ਸਿੰਘ ਨੱਥੂਵਾਲਾ, ਕਰਮਜੀਤ ਸਿੰਘ ਛੋਟਾਘਰ, ਪ੍ਰਭਦੀਪ ਕੌਰ , ਬਲਜੀਤ ਕੌਰ,ਪਾਲ ਕੌਰ, ਮੰਦਰ ਸਿੰਘ, ਗੁਰਚਰਨ ਸਿੰਘ, ਬਲਦੇਵ ਸਿੰਘ, ਮੁਖਤਿਆਰ ਸਿੰਘ, ਹਰਬੰਸ ਸਿੰਘ, ਦਲਜੀਤ ਸਿੰਘ,ਕਾਲਾ ਸਿੰਘ, ਕਰਮਜੀਤ ਸਿੰਘ, ਬਲਵਿੰਦਰ ਸਿੰਘ ਗੁਰਦੇਵ ਸਿੰਘ, ਮਲਕੀਤ ਸਿੰਘ, ਗੁਰਮੇਲ ਸਿੰਘ, ਮਨਪ੍ਰੀਤ ਸਿੰਘ, ਸੇਵਕ ਸਿੰਘ,ਮਨਜੀਤ ਸਿੰਘ, ਕੁਲਦੀਪ ਸਿੰਘ, ਜਗਮੇਲ ਸਿੰਘ,ਮੇਲਾ ਸਿੰਘ, ਰੋਡੇ ਸਰਬਜੀਤ ਸਿੰਘ ਲੰਗੇਆਣਾ ਆਦਿ ਕਿਸਾਨ ਹਾਜ਼ਰ ਹੋਏ।

**ਰਾਜਿਆਣਾ - ਵੈਰੋਕੇ ਵਿਚਕਾਰ ਅਬੋਹਰ ਬ੍ਰਾਂਚ ਉੱਪਰ ਮੰਡੀ ਬੋਰਡ ਵਿਭਾਗ ਵੱਲੋਂ ਪੁਰਾਤਨ ਪੁਲ ਨੂੰ ਢਾਹੁਣ ਅਤੇ ਲੰਘਣ ਲਈ ਰਸਤਾ ਨਾ ਦੇਣ ਕਰਕੇ ਪੁਲ ਉੱਪਰ ਲੱਗਾ ਪੱਕਾ ਮੋਰਚਾ**

ਆਵਾਜ਼ਿ ਕੌਮ AWAZE QAUM International Newspaper & WEB TV

ਪੰਜਾਬ ਨੂੰ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਹਰ ਇੱਕ ਵਿਅਕਤੀ ਦਾ ਫਰਜ਼- ਪ੍ਰੋ. ਬਲਜਿੰਦਰ ਕੌਰ

# ਨਸ਼ਿਆਂ ਦੇ ਖਾਤਮੇ ਲਈ ਪਿੰਡ ਵਾਸੀਆਂ ਕੋਲੋਂ ਚੁਕਾਈ ਸੌਹ



ਤਲਵੰਡੀ ਸਾਬੋ, 20 ਮਈ (ਗੁਰਜੰਟ ਸਿੰਘ ਨਥੇਹਾ)– ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਨਸ਼ਿਆਂ ਤੇ ਨਸ਼ਾ ਤਸਕਰਾਂ ਦੇ ਖਾਤਮੇ ਤੱਕ ਨਸ਼ਿਆਂ ਵਿਰੁੱਧ ਜੰਗ ਜਾਰੀ ਰਹੇਗੀ।ਪੰਜਾਬ ਨੂੰ ਨਸ਼ਾ ਮੁਕਤ ਪੰਜਾਬ ਕਰਨ ਲਈ ਹਰ ਪੰਜਾਬੀ ਦਾ ਫਰਜ ਹੈ ਉਹ ਆਪਣਾ ਸਹਿਯੋਗ ਦੇਵੇ। ਉਕਤ ਵਿਚਾਰਾਂ ਦਾ ਪ੍ਰਗਟਾਵਾ ਚੀਫ਼ ਵਿਪ ਤੇ ਹਲਕਾ ਵਿਧਾਇਕਾ ਤਲਵੰਡੀ ਸਾਬੋ ਪ੍ਰੋ. ਬਲਜਿੰਦਰ ਕੌਰ ਨੇ ਪਿੰਡ ਨਥੇਹਾ ਵਿਖੇ ਰੱਖੇ ਗਏ ਯੁੱਧ ਨਸ਼ਿਆਂ ਵਿਰੁੱਧ ਸਮਾਗਮ ਤਹਿਤ ਵੱਡੇ ਇਕੱਠ ਨੂੰ ਸੰਬੋਧਨ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਪੇਂਡੂ ਸੁਰੱਖਿਆ ਕਮੇਟੀਆਂ, ਪੰਚਾਇਤਾਂ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਕਿ ਉਹ ਪਿੰਡਾਂ ਦੇ ਪਹਿਰੇਦਾਰ ਵਜੋਂ ਕੰਮ ਕਰਕੇ ਨਸ਼ਿਆਂ ‘ਚ ਗ੍ਰਸਤ ਲੋਕਾਂ ਦੇ ਇਲਾਜ ਤੇ ਪੁਨਰਵਾਸ ਲਈ ਸਰਕਾਰ ਦਾ ਸਹਿਯੋਗ ਕਰਨ ਤਾਂ ਜੋ ਅਜਿਹੇ ਲੋਕਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਕਰਕੇ ਉਨ੍ਹਾਂ ਨੂੰ ਨਵਾਂ ਜੀਵਨ ਦਿੱਤਾ ਜਾ ਸਕੇ।ਉਨ੍ਹਾਂ ਕਿਹਾ ਕਿ ਅੱਜ ਪਿੰਡ–ਪਿੰਡ ਜਾ ਕੇ ਸਾਡੀ ਨੌਜਵਾਨੀ ਨੂੰ ਬਚਾਉਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਨਿਰਣਾਇਕ ਲੜਾਈ ਵਿੱਢੀ ਗਈ ਹੈ, ਜਿਸ ਵਿੱਚ ਲੋਕਾਂ ਦਾ ਸਾਥ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਅਸੀਂ ਨਸ਼ਿਆਂ ਦੀ ਇਸ ਭੈੜੀ ਅਲਾਮਤ ਤੋਂ ਛੁਟਕਾਰਾ ਪਾ ਸਕਦੇ ਹਾਂ। ਉਨ੍ਹਾਂ ਕਿਹਾ ਕਿ ਪਿੰਡ ਦੇ ਗਲੀ, ਮੁਹੱਲਿਆਂ ਵਿਚ ਜਾਗਰੂਕ ਕਰਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਸੱਦਾ ਦਿੱਤਾ ਗਿਆ ਹੈ, ਜੇਕਰ ਤੁਹਾਡੇ ਨਜ਼ਦੀਕ ਕੋਈ ਨਸ਼ਾ ਵੇਚਦਾ ਹੈ ਤਾਂ ਉਸ ਦੀ ਸੂਚਨਾ ਦਿੱਤੀ ਜਾਵੇ, ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।ਉਨ੍ਹਾਂ ਕਿਹਾ ਕਿ ਜੇਕਰ ਕੋਈ ਨਸ਼ੇ ਤੋਂ ਪੀੜਤ ਹੈ ਤਾਂ ਉਸ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ, ਸਰਕਾਰ ਵੱਲੋਂ ਉਸਦਾ ਮੁਫਤ ਨਸ਼ਾ ਛੁੜਾਇਆ ਜਾਵੇਗਾ ਅਤੇ ਇਲਾਜ ਕਰਵਾਇਆ ਜਾਵੇਗਾ। ਹਲਕਾ ਵਾਸੀਆਂ ਨੂੰ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਮੁਹਿੰਮ ਵਿੱਚ ਆਮ ਲੋਕਾਂ ਦਾ ਪੂਰਨ ਸਹਿਯੋਗ ਦੀ ਲੋੜ ਹੈ ਫਿਰ ਹੀ ਪੰਜਾਬ ਨੂੰ ਨਸ਼ਾ ਮੁਕਤ ਪੰਜਾਬ ਬਣਾਇਆ ਜਾ ਸਕਦਾ ਹੈ। ਇਸ ਮੌਕੇ ਪ੍ਰੋ. ਬਲਜਿੰਦਰ ਕੌਰ ਵੱਲੋਂ ਪਿੰਡ ਵਾਸੀਆਂ ਕੋਲੋਂ ਸੌਂਹ ਚੁਕਾਈ ਗਈ ਤਾਂ ਕਿ ਪਿੰਡਾਂ ਦੇ ਵਿੱਚੋਂ ਨਸ਼ੇ ਦਾ ਪੂਰਨ ਤੌਰ ’ਤੇ ਖਾਤਮਾ ਕੀਤਾ ਜਾ ਸਕੇ। ਇਸ ਮੌਕੇ ਥਾਣਾ ਮੁਖੀ ਪਰਬਤ ਸਿੰਘ, ਐੱਸਐਮਓ ਤਲਵੰਡੀ ਸ਼੍ਰੀ ਰਵੀ ਕਾਂਤ, ਨਸ਼ਾ ਮੁਕਤੀ ਮੋਰਚੇ ਦਾ ਹਲਕਾ ਕੋਆਰਡੀਨੇਟਰ ਹਰਜੀਤ ਸਿੰਘ ਸਰਾਂ ਆਦਿ ਨੇ ਸੰਬੋਧਨ ਕੀਤਾ।ਹੋਰਨਾਂ ਤੋਂ ਇਲਾਵਾ ਬਲਾਕ ਪ੍ਰਧਾਨ ਬਿੱਕਰ ਸਿੰਘ ਨਥੇਹਾ ਪੰਚ, ਸਰਪੰਚ ਸ਼੍ਰੀਮਤੀ ਰਾਜ ਰਾਣੀ, ਸੁਖਪਾਲ ਸਿੰਘ ਚਾਹਲ, ਚਰਨਜੀਤ ਸਿੰਘ ਗੱਗੂ ਪੰਚ ਅਤੇ ਸਮੁੱਚੀ ਪੰਚਾਇਤ ਅਤੇ ਪਿੰਡ ਵਾਸੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਮਾਨ ਸਰਕਾਰ ਨੇ ਗ੍ਰਾਂਟਾਂ ਦੇ ਗੱਫੇ ਦੇ ਕੇ ਸਰਕਾਰੀ ਸਕੂਲਾਂ ਦੀ ਬਦਲੀ ਨੁਹਾਰ-ਚੇਅਰਮੈਨ ਢਿੱਲੋਂ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਕਰੋੜਾਂ ਰੁਪਏ ਦੀ ਲਾਗਤ ਨਾਲ ਚੱਲ ਰਹੇ ਵਿਕਾਸ ਕਾਰਜਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਜਾ ਰਹੀ ਹੈ। ਇਸੇ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਪੈਂਦੇ ਸਰਕਾਰੀ ਸੀਨੀਅਰ ਸੈਕੰਡਰੀ ਹਾਈ ਸਕੂਲ ਪੁੰਨਾਵਾਲ ਦੇ ਹੈਡ ਟੀਚਰ ਸੁਖਦੀਪ ਸਿੰਘ ਦੀ ਅਗਵਾਈ ਹੇਠ ਹੋਏ ਸਕੂਲ ਚ ਵਿਕਾਸ ਕਾਰਜਾਂ ਦਾ ਉਦਘਾਟਨ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਸ, ਦਲਬੀਰ ਸਿੰਘ ਢਿੱਲੋ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਕੀਤਾ। ਉਹਨਾਂ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਦੀ ਬਦਲੀ ਜਾ ਰਹੀ ਨੁਹਾਰ ’ਤੇ ਖੁਸ਼ੀ ਜਾਹਰ ਕੀਤੀ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਨਾਲ ਪੂਰੇ ਸੂਬੇ ਦੀ ਨੁਹਾਰ ਬਦਲ ਦਿੱਤੀ ਜਾਵੇਗੀ। ਇਸ ਮੌਕੇ ਕੋਆਰਡੀਨੇਟਰ ਦਰਸਨ ਸਿੰਘ ਪਾਠਕ, ਸਰਪੰਚ ਗੋਬਿੰਦਰ ਖੰਗੂੜਾ,ਅਰਸ਼ਦੀਪ ਸਿੰਘ ਪੂਨੀਆ, ਨਵਜੋਤ ਕੌਰ,ਹਰਦੀਪ ਸਿੰਘ, ਬਖਸੀਸ ਸਿੰਘ ਅਲਾਲ , ਕਰਮਜੀਤ ਸਿੰਘ ਬਿੱਟੂ ਪੰਚ, ਰਜਿੰਦਰ ਸਿੰਘ ਪੰਚ, ਹਰਵਿੰਦਰ ਸਿੰਘ ਪੰਚ , ਲਵਪ੍ਰੀਤ ਸਿੰਘ ਪੰਚ, ਲਖਵਿੰਦਰ ਸਿੰਘ ਪੰਚ, ਸੁਰਜੀਤ ਸਿੰਘ ਪੰਚ, ਗਿਆਨ ਕੌਰ ਪੰਚ, ਕਰਮਜੀਤ ਸਿੰਘ ਪੰਚ, ਰਾਜਵਿੰਦਰ ਸਿੰਘ ਰਾਜੂ ਪੰਚ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗਰੈਪਲਿੰਗ ਟੂਰਨਾਮੈਂਟ ਵਿੱਚ ਜਿਲਾ ਫਤਿਹਗੜ੍ਹ ਸਾਹਿਬ ਨੇ ਜਿੱਤੇ 9 ਗੋਲਡ 1 ਸਿਲਵਰ



**ਅੰਮ੍ਰਿਤਸਰ 20 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਗ੍ਰੈਪਲਿੰਗ ਐਸੋਸੀਏਸ਼ਨ ਵੱਲੋ ਅੰਮ੍ਰਿਤਸਰ ਵਿਖੇ ਸਬ ਜੂਨੀਅਰ, ਜੂਨੀਅਰ ਅਤੇ ਸੀਨੀਅਰ ਇੱਕ ਰੋਜ਼ਾ ਗ੍ਰੈਪਲਿੰਗ ਮੁਕਾਬਲਾ ਉਮਰ ਅਤੇ ਭਾਰ ਵਰਗਾਂ ਦੇ ਅਨੁਸਾਰ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ, ਜ਼ਿਲ੍ਹਾ ਇਕਾਈ ਨੇ ਆਪਣੇ ਜ਼ਿਲ੍ਹਿਆਂ ਤੋਂ ਚੁਣੇ ਹੋਏ ਖਿਡਾਰੀਆਂ ਨੂੰ ਭਾਗ ਲੈਣ ਲਈ ਭੇਜਿਆ। “ਗ੍ਰੈਪਲਿੰਗ” ਦਾ ਆਯੋਜਨ ਗ੍ਰੈਪਲਿੰਗ ਫੈਡਰੇਸ਼ਨ ਆਫ ਇੰਡੀਆ ਦੀ ਪੰਜਾਬ ਰਾਜ ਇਕਾਈ ਦੁਆਰਾ ਯੂਨਾਈਟਿਡ ਵਰਲਡ ਰੈਸਲਿੰਗ ਦੇ ਦਿਸ਼ਾ–ਨਿਰਦੇਸ਼ਾਂ ਅਨੁਸਾਰ ਕੀਤਾ ਗਿਆ ਸੀ। ਜਾਨਕਾਰੀ ਦਿੰਦੇ ਹੋਏ ਏਸੋਸਿਏਸ਼ਨ ਦੀ ਸਕੱਤਰ ਅੰਜੂ ਨੇ ਦਸਿਆ ਕਿ ਇਸ ਮੁਕਾਬਲੇ ਦੇ ਚੁਨਿੰਦਾ ਖਿਡਾਰੀ 30 ਮਈ ਨੂੰ ਮਹਾਰਾਸ਼ਟਰ ਦੇ ਨਾਸਿਕ ਵਿੱਚ ਹੋਣ ਵਾਲੇ ਰਾਸ਼ਟਰੀ ਮੁਕਾਬਲੇ ਵਿੱਚ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨਗੇ। ਸਾਰੇ ਮੈਚ ਰਾਸ਼ਟਰੀ ਰੈਫਰੀ ਲਵਪ੍ਰੀਤ ਕੌਰ ਦੇ ਪਾਰਦਰਸ਼ੀ ਫੈਸਲਿਆਂ ਨਾਲ ਸਮਾਪਤ ਹੋਏ। ਇਸ ਮੌਕੇ ਪੰਜਾਬ ਪ੍ਰਧਾਨ ਨੀਰਜ ਸ਼ਰਮਾ, ਅੰਮ੍ਰਿਤਸਰ ਤੋਂ ਹਰਕੰਵਲਪ੍ਰੀਤ ਸਿੰਘ ਅਤੇ ਪਰਵਿੰਦਰ ਕੁਮਾਰ, ਗੁਰਕੀਰਤ ਸਿੰਘ ਗਿੱਲ, ਤਰਨਤਾਰਨ ਤੋਂ ਪ੍ਰਬਦੇਵ ਸਿੰਘ ਆਦਿ ਮੌਜੂਦ ਸਨ। ਸੋਨ ਤਗਮਾ ਜੇਤੂ ਖਿਡਾਰੀ ਬੱਸੀ ਪਠਾਣਾਂ ਤੋਂ ਜਤਿਨ ਕੁਮਾਰ ਤੇ ਗੁਰਜੀਤ ਸਿੰਘ, ਸਰਹਿੰਦ ਤੋਂ ਆਤਿਫ , ਮੰਡੀ ਗੋਬਿੰਦਗੜ੍ਹ ਤੋਂ ਨਵਯਾ, ਸੁਖਮਨਪ੍ਰੀਤ ਕੌਰ, ਮਹਿਕ, ਸੋਹਮ, ਸੁਹਾਨੀ, ਅਮਲੋਹ ਤੋਂ ਮਨਪ੍ਰੀਤ ਕੌਰ ਰਹੀ ਜਦੋਂ ਕਿ ਚਾਂਦੀ ਦਾ ਤਗਮਾ ਮੰਡੀ ਗੋਬਿੰਦਗੜ੍ਹ ਦੀ ਪ੍ਰਗਯਾ ਨੇ ਜਿਤਿਆ। ਸਾਰੇ ਜੇਤੂਆਂ ਨੂੰ ਗਰੈਪਲਿੰਗ ਏਸੋਸਿਏਸ਼ਨ ਜਿਲਾ ਫਤਿਹਗੜ੍ਹ ਸਾਹਿਬ ਵਲੋਂ ਵਧਾਈ ਭੇਜੀ ਗਈ।

ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਸਰਕਾਰ ਵੱਲੋ ਬਾਹਰਲੇ ਰਾਜਾ ਤੋ ਥੋਪੇ ਲੋਕਾ ਨੂੰ ਚੇਅਰਮੈਨੀ ਦੇਣਿਆ ਪੰਜਾਬੀਆਂ ਨਾਲ ਧੋਖਾ :- ਰਾਮ ਸਿੰਘ ਬੋਲੀਨਾ

**ਜਲੰਧਰ, 20 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਵੱਲੋ ਪੰਜਾਬ ਦੀ ਜਨਤਾ ਖਾਸ ਕਰ ਆਮ ਆਦਮੀ ਪਾਰਟੀ ਵਰਕਰਾ ਨਾਲ ਕੀਤਾ ਗਿਆ ਸਭ ਤੋ ਵੱਡਾ ਧੋਖਾ ਹੈ ਕੀ ਪੰਜਾਬ ਵਿੱਚ ਪਾਰਟੀ ਪਾਸ ਸੂਝਵਾਨ ਵਰਕਰ ਜਾ ਨੇਤਾ ਨਹੀ ਸਨ ਜੋ ਸਾਨੂੰ ਦਿੱਲੀ ਤੋ ਰੀਨਾ ਗੁਪਤਾ ਜਿਹਨਾ ਨੂੰ ਪੰਜਾਬ ਪਲਿਊਸ਼ਨ ਕੰਟਰੋਲ ਬੋਰਡ ਦਾ ਚੈਅਰਮੈਨ ਅਤੇ ਦੀਪਕ ਚੌਹਾਨ ਜੋ ਕੇ ਯੂਪੀ ਦੇ ਇਕ ਐਮ ਪੀ ਦਾ ਪੀ ਏ ਹੈ ਨੂੰ ਚੇਅਰਮੈਨੀ ਦਿੱਤੀ ਗਈ ਇਸ ਤੋ ਪਤਾ ਚੱਲਦਾ ਹੈ ਆਮ ਆਦਮੀ ਪਾਰਟੀ ਸਰਕਾਰ ਬਾਕਿਆ ਹੀ ਦਿੱਲੀ ਤੋ ਚੱਲਦੀ ਹੈ ਜੋ ਆਪਣੇ ਤੌਰ ਤੇ ਚੈਅਰਮੈਨ ਵੀ ਨਹੀ ਲਗਾ ਸਕਦੇ ਇਹਨਾ ਵਿਚਾਰਾ ਦਾ ਪ੍ਰਗਟਾਵਾ ਸ.ਰਾਮ ਸਿੰਘ ਬੋਲੀਨਾ ਸੀਨੀਅਰ ਲੀਡਰ ਬਹੁਜਨ ਸਮਾਜ ਪਾਰਟੀ ਪੰਜਾਬ ਤੇ ਪ੍ਰਧਾਨ ਪੰਚਾਇਤ ਯੂਨੀਅਨ ਜਲੰਧਰ ਵੱਲੋ ਕੀਤਾ ਗਿਆ ਦਿੱਲੀ ਦੀ ਹਾਰ ਤੋ ਬਾਅਦ ਆਪ ਪ੍ਰਮੁੱਖ ਕੇਜਰੀਵਾਲ ਪੰਜਾਬ ਚ ਲੀਡਰੀ ਚਮਕਾ ਰਿਹਾ ਹੈ ਕਾਰਨ ਸੱਤਾ ਦਾ ਜੋ ਅਨੰਦ ਜੋ ਦਿੱਲੀ ਚ ਮਾਣਿਆ ਉਹ ਦਿਮਾਗੇ ਚੜਿਆ ਹੋਈਆ ਹੈ ਇਹੋ ਜਿਹੇ ਹਾਲਾਤ ਰਹੇ ਤਾ 2027 ਪੰਜਾਬ ਦੀਆ ਵਿਧਾਨ ਸਭਾ ਚੌਣਾ ਚ ਆਮ ਵਰਕਰ ਅਰਸ਼ ਤੋ ਫਰਸ਼ ਤੇ ਲਿਆਉਣ ਚ ਟਾਇਮ ਨਹੀ ਲਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

6 ਜੂਨ ਦੇ ਸ਼ਹੀਦੀ ਸਮਾਗਮ ਹੋਰ ਵੱਧ ਤੋਂ ਵੱਧ ਚੜ੍ਹਦੀਕਲਾ ਨਾਲ ਮਨਾਉਣ ਸਬੰਧੀ

# ਸੰਤ ਸਮਾਜ ਦੇ ਮਹਾਂਪੁਰਸ਼ਾਂ, ਅਤੇ ਹੋਰ ਜਿੰਮੇਵਾਰ ਪਤਿਵੰਦੇ ਸਿੰਘਾਂ ਦੀ ਵਿਸ਼ੇਸ਼ ਇਕੱਤਰਤਾ ਦਮਦਮੀ ਟਕਸਾਲ ਦੇ ਹੈੱਡਕੁਆਟਰ ਗੁ: ਗੁਰਦਰਸ਼ਨ ਪ੍ਰਕਾਸ਼ ਮਹਿਤਾ ਕੀਤੀ ਗਈ















ਆਵਾਜ਼ਿ ਕੌਮ
AWAZE QAUM
International Newspaper & WEB TV

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243